ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 20 Issue 39 Friday November 19 to November 26, 2021 www.PUNJABIDUNIYA.com Published Weekly from New York

Thinking of Buying/Selling ?
WINZONE REALTY INC.

Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

# ਕਰਤਾਰਪੁਰ ਲਾਂਘਾ

## ਕਰਤਾਰਪੁਰ ਸਾਹਿਬ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਕੀ ਹੈ



ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਲਏ ਫ਼ੈਸਲੇ ਤੋਂ ਬਾਅਦ 17 ਨਵੰਬਰ ਯਾਨਿ ਕਿ ਅੱਜ ਤੋਂ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੁੱਲ੍ਹ ਗਿਆ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੀਤੇ ਦਿਨੀਂ ਇੱਕ ਟਵੀਟ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਸੀ। ਮੋਦੀ ਸਰਕਾਰ ਨੇ ਇਹ ਫ਼ੈਸਲਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਜੋ 19 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ, ਦੇ ਸਮਾਗਮਾਂ ਮੌਕੇ ਲਿਆ ਹੈ।ਕੇਂਦਰੀ ਗ੍ਰਹਿ ਮੰਤਰੀ ਨੇ ਆਪਣੇ ਟਵੀਟ ਵਿਚ ਕਿਹਾ ਕਿ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾ ਰਹੇ ਹਾਂ, ਅਜਿਹੇ ਵਿਚ ਮੋਦੀ ਸਰਕਾਰ ਦਾ ਇਹ ਫ਼ੈਸਲਾ ਸਿੱਖ ਭਾਈਚਾਰੇ ਦੀਆਂ ਖੁਸ਼ੀਆਂ ਨੂੰ ਹੋ ਵਾਧਾ ਦੇਵੇਗਾ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰ ਸਿੱਖ ਸੰਗਠਨ ਲਾਂਘਾ ਖੋਲ੍ਹਣ ਦੀ ਲਗਾਤਾਰ ਮੰਗ ਕਰਦੇ ਰਹੇ ਹਨ।

### ਕਰਤਾਰਪੁਰ ਸਾਹਿਬ ਦੀ ਮਹੱਤਤਾ

ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਭਾਰਤ ਦੀ ਸਰਹੱਦ ਤੋਂ ਚਾਰ ਕਿੱਲੋਮੀਟਰ ਦੂਰ ਹੈ। ਇਹ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਹੈ, ਜੋ ਲਾਹੌਰ ਤੋਂ 130 ਕਿਲੋਮੀਟਰ ਦੂਰ ਹੈ।

ਨਾਰੋਵਾਲ ਦੀ ਤਹਿਸੀਲ ਸ਼ੱਕਰਗੜ੍ਹ ਵਿੱਚ ਸਥਿਤ ਸਿੱਖਾਂ ਦਾ ਇਹ ਧਾਰਮਿਕ ਸਥਾਨ ਭਾਰਤ ਅਤੇ ਪਾਕਿਸਤਾਨ ਦੀਆਂ ਖ਼ਬਰਾਂ ਦੇ ਕੇਂਦਰ ਵਿਚ ਰਿਹਾ ਹੈ।

ਕਰਤਾਰਪੁਰ ਸਾਹਿਬ ਅਸਥਾਨ ਦਾ ਸਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਹੈ। ਇੱਥੇ ਉਨ੍ਹਾਂ ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲ ਗੁਜ਼ਾਰੇ ਸਨ।

ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਇਹ ਨਗਰ ਵਸਾਇਆ ਅਤੇ ਇੱਥੇ ਖੇਤੀ ਕਰਕੇ ਗੁਰੂ ਨਾਨਕ ਦੇਵ ਜੀ ਨੇ ÷ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ÷ ਦਾ ਫ਼ਲਸਫ਼ਾ ਦਿੱਤਾ ਸੀ।

ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਵੀ ਇਸ ਸਥਾਨ @ਤੇ ਹੀ ਸੌਂਪੀ ਗਈ ਸੀ, ਜਿਨ੍ਹਾਂ ਨੂੰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਆਖ਼ਿਰ @ਚ ਗੁਰੂ ਨਾਨਕ ਦੇਵ ਜੀ ਇਸੇ ਸਥਾਨ @ਤੇ ਹੀ ਜੋਤੀ ਜੋਤ ਸਮਾਏ ਸਨ।

ਕਰਤਾਰਪੁਰ ਸਾਹਿਬ ਪਾਕਿਸਤਾਨ ਵਿਚ ਹੈ ਅਤੇ ਦੋਵਾਂ ਮੁਲਕਾਂ ਨੇ ਨਾਨਕ ਨਾਮ ਲੇਵਾ ਦੀ ਸਹੂਲਤ ਲਈ ਭਾਰਤ ਦੇ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਵਿਚਾਲੇ ਨਵੰਬਰ 2019 ਵਿਚ ਕੋਰੀਡੋਰ ਦਾ ਉਦਘਾਟਨ ਹੋਇਆ ਸੀ।

ਪਰ ਮਾਰਚ 2020 ਵਿਚ ਕੋਰਨਾ ਮਹਾਮਾਰੀ ਫ਼ੈਲਣ ਤੋਂ ਬਾਅਦ ਕਰਤਾਰਪੁਰ ਸਾਹਿਬ ਲਾਂਘਾ ਬੰਦ ਕਰ ਦਿੱਤਾ ਗਿਆ ਸੀ।

### ਕਰਤਾਰਪੁਰ ਲਾਂਘਾ ਖੋਲ੍ਹਣ @ਤੇ ਧੰਨਵਾਦ

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਗੁਰਦਾਸਪੁਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਲਾਂਘਾ ਖੁੱਲ੍ਹ ਰਿਹਾ ਹੈ ਅਤੇ ਅਸੀਂ ਵੀ ਆਪਣੀ ਕੈਬਨਿਟ ਦਾ ਜਥਾ ਲੈ ਕੇ ਜਾਵਾਂਗੇ। ਉਨ੍ਹਾਂ ਇਸ ਦੌਰਾਨ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦਾ ਧੰਨਵਾਦ ਕੀਤਾ।

ਭਾਰਤ ਸਰਕਾਰ ਦੇ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਐਲਾਨ ਦੇ ਨਾਲ ਹੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਰਾਹੀਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ ਹੈ।ਉਨ੍ਹਾਂ ਲਿਖਿਆ,

ਬਾਕੀ ਸਫ਼ਾ 13 'ਤੇ

NLight
Solid like a Rock
Insurance
Tel : 516 NLIGHT 8 (516 654 4488)

# ਐੱਸ. ਜੀ. ਪੀ. ਸੀ. ਵਰਗੀ ਲੋਕਤੰਤਰੀ ਧਾਰਮਿਕ ਸੰਸਥਾ ਸਿਰਫ਼ ਸਿੱਖਾਂ ਕੋਲ ਮੌਜੂਦ : ਸੁਖਬੀਰ ਬਾਦਲ



ਅੰਮ੍ਰਿਤਸਰ —ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ. ਜੀ. ਪੀ. ਸੀ.) ਦੇ 101 ਸਾਲਾ ਸਥਾਪਨਾ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ’ਚ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਹੋਰ ਪੰਥਕ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਇਤਿਹਾਸ ਨੂੰ ਸਾਂਝਾ ਕੀਤਾ ਅਤੇ ਸੰਸਥਾ ਵਲੋਂ ਪਾਏ ਪੰਥਕ ਯੋਗਦਾਨ ਦੀ ਸ਼ਲਾਘਾ ਕਰਦਿਆਂ ਪੰਥਕ ਇਕਜੁੱਟਤਾ ਦੀ ਲੋੜ ’ਤੇ ਜ਼ੋਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ’ਚ ਕਿਹਾ ਕਿ ਸਿੱਖ ਪੰਥ ਦੀ ਮਾਣਮੱਤੀ ਸੰਸਥਾ ਸ਼੍ਰੋਮਣੀ ਕਮੇਟੀ ਦਾ ਇਤਿਹਾਸ ਬੇਹੱਦ ਸ਼ਾਨਾਮੱਤਾ ਰਿਹਾ ਹੈ ਅਤੇ ਇਸ ਨੇ 100 ਸਾਲਾ ਸਫ਼ਰ ਦੌਰਾਨ ਜਿਥੇ ਕਈ ਉਤਰਾਅ-ਚੜ੍ਹਾਅ ਦੇਖੇ, ਉੱਥੇ ਹੀ ਵੱਡੇ ਕਾਰਜਾਂ ਨੂੰ ਵੀ ਅੰਜ਼ਾਮ ਦਿੱਤਾ। ਉਨ੍ਹਾਂ ਆਖਿਆ ਕਿ ਸਰਕਾਰੀ ਜਬਰ ਤੇ ਜ਼ੁਲਮ ਦਾ ਮੁਕਾਬਲਾ ਕਰਦਿਆਂ ਇਸ ਸੰਸਥਾ ਦੇ ਸੈਂਕੜੇ ਮੈਂਬਰ ਅਤੇ ਮੁਲਾਜਮ ਸ਼ਹੀਦ ਹੋਏ ਅਤੇ ਭਰਵੀਂ ਗਿਣਤੀ ਨੇ ਜੇਲ੍ਹਾਂ ਕੱਟੀਆਂ। ਸਿੱਖ ਸੰਸਥਾ ਨੇ ਕਦੀ ਵੀ ਜ਼ਬਰ-ਜ਼ੁਲਮ ਅੱਗੇ ਆਤਮਸਮਰਪਣ ਨਹੀਂ ਕੀਤਾ, ਸਗੋਂ ਪੰਥ ਦੀ ਚੜ੍ਹਦੀਕਲਾ ਲਈ ਹਰ ਜ਼ੁਲਮ ਨੂੰ ਸਹਾਰਦਿਆਂ ਹੋਰ ਅੱਗੇ ਵਧਣ ਦਾ ਜਿਗਰਾ ਬਣਾਈ ਰੱਖਿਆ। ਉਨ੍ਹਾਂ ਕੌਮ ਨੂੰ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੀ ਹੋਰ ਮਜ਼ਬੂਤੀ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ ਅਤੇ ਕਮੇਟੀ ਪ੍ਰਬੰਧਕਾਂ ਨੂੰ ਭਵਿੱਖ ’ਚ ਸਿੱਖੀ ਪ੍ਰਚਾਰ ਲਈ ਅਸਰਦਾਰ ਪ੍ਰੋਗਰਾਮ ਉਲੀਕਣ ਲਈ ਕਿਹਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੌਮ ਵਲੋਂ ਕੁਰਬਾਨੀਆਂ ਦੇ ਕੇ ਸਥਾਪਤ ਕੀਤੀ ਗਈ ਸੰਸਥਾ ਸ਼੍ਰੋਮਣੀ ਕਮੇਟੀ ਵਰਗੀ ਧਾਰਮਿਕ ਸੰਸਥਾ ਪੂਰੀ ਦੁਨੀਆਂ ’ਚ ਹੋਰ ਕੋਈ ਨਹੀਂ ਹੈ। ਉਹ ਕਿਹਾ ਕਿ ਉਹ ਇੱਕੋ-ਇੱਕ ਲੋਕਤੰਤਰੀ ਸੰਸਥਾ ਹੈ, ਜੋ ਆਜ਼ਾਦ ਪਾਰਲੀਮੈਂਟ ਦੀ ਤਰ੍ਹਾਂ ਸਿੱਖ ਗੁਰਧਾਮਾਂ ਦਾ ਪ੍ਰਬੰਧ ਕਰਦੀ ਹੈ। ਇਸ ਨੇ ਆਪਣੀ ਸਥਾਪਨਾ ਦੇ ਸਮੇਂ ਤੋਂ ਲੈ ਕੇ ਵੱਡੇ ਕਾਰਜ ਕੀਤੇ ਹਨ ਅਤੇ ਪੂਰੀ ਦੁਨੀਆ ’ਚ ਜਿੱਥੇ ਵੀ ਸਿੱਖਾਂ ਨੂੰ ਮੁਸ਼ਕਿਲ ਆਈ, ਉਸ ਦੀ ਪੈਰਵਾਈ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਅੰਦਰ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਮਹਿਜ ਇੱਕ ਮਹੀਨੇ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਹੋਂਦ ’ਚ ਲਿਆਂਦਾ ਅਤੇ ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਸਾਂਝੇ ਤੌਰ ’ਤੇ ਕੌਮ ਦੀਆਂ ਵੱਡੀਆਂ ਲੜਾਈਆਂ ਲੜੀਆਂ ਤੇ ਜਿੱਤਾਂ ਦਰਜ ਕੀਤੀਆਂ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀ ਆਗੂ ਸੰਸਥਾ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਦੁਸ਼ਮਣ ਸ਼ਕਤੀਆਂ ਢਾਹ ਲਾਉਣ ਲਈ ਚਾਲਾਂ ਚੱਲ ਰਹੀਆਂ ਹਨ ਪਰ ਇਹ ਹਮੇਸ਼ਾ ਹੀ ਆਪਣੇ ਸੁਭਾਅ ਅਨੁਸਾਰ ਪੰਥਕ ਕਾਰਜਾਂ ਲਈ ਤੱਤਪਰ ਹਨ। ਉਨ੍ਹਾਂ ਕਿਹਾ ਕਿ ਅੱਜ ਸਿੱਖ ਵਿਰੋਧੀ ਸ਼ਕਤੀਆਂ ਦੀਆਂ ਚਾਲਾਂ ਦਾ ਇੱਕੱਠੇ ਹੋ ਕੇ ਮੁਕਾਬਲਾ ਕਰਨ ਦੀ ਜ਼ਰੂਰਤ ਹੈ ਕਿਉਂਕਿ ਜੇਕਰ ਸਿੱਖ ਸੰਸਥਾਵਾਂ ਕਮਜ਼ੋਰ ਹੋ ਗਈਆਂ ਤਾਂ ਕੌਮ ਵੀ ਕਮਜ਼ੋਰ ਹੋਵੇਗੀ। ਆਪਣੀ ਪੰਥਕ ਸੰਸਥਾ ਨੂੰ ਹੋਰ ਮਜ਼ਬੂਤ ਕਰਨਾ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਦੇ ਆਗੂ ਹਮੇਸ਼ਾ ਬਦਲਦੇ ਰਹਿੰਦੇ ਹਨ ਪਰ ਸੰਸਥਾਵਾਂ ਸਿਰਮੌਰ ਹਨ ਅਤੇ ਰਹਿਣਗੀਆਂ। ਉਨ੍ਹਾਂ ਕਾਂਗਰਸ ਨੂੰ ਸਿੱਖਾਂ ਦੀ ਦੁਸ਼ਮਣ ਜਮਾਤ ਕਰਾਰ ਦਿੰਦਿਆਂ ਕਿਹਾ ਕਿ ਇਸ ਜਮਾਤ ਨੇ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਤੋੜਨ ਲਈ ਸਮੇਂ-ਸਮੇਂ ’ਤੇ ਚਾਲਾਂ ਚੱਲੀਆਂ। ਉਨ੍ਹਾਂ ਕਿਹਾ ਕਿ 1984 ਦਾ ਸ੍ਰੀ ਦਰਬਾਰ ਸਾਹਿਬ ’ਤੇ ਹਮਲਾ ਅਤੇ ਦਿੱਲੀ ਸਮੇਤ ਹੋਰ ਸੂਬਿਆਂ ’ਚ ਸਿੱਖ ਕਤਲੇਆਮ ਨੂੰ ਕੌਮ ਕਦੇ ਨਹੀਂ ਭੁੱਲ ਸਕਦੀ। ਇਹ ਸਿੱਖਾਂ ਦੀ ਦੁਸ਼ਮਣ ਜਮਾਤ ਕਾਂਗਰਸ ਦਾ ਉਹ ਕਰੂਰ-ਕਾਰਾ ਹੈ, ਜਿਸ ਤੋਂ ਇਹ ਕਦੀ ਵੀ ਬਰੀ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਹਰਿਆਣਾ ਕਮੇਟੀ ਦੇ ਹੱਕ ਵਿੱਚ ਪੰਜਾਬ ਦੀ ਸਰਕਾਰ ਵਲੋਂ ਦਿੱਤਾ ਗਿਆ ਹਲਫ਼ਨਾਮਾ ਮੌਜੂਦਾ ਸਮੇਂ ਵੀ ਇਸ ਦੀ ਤਸਦੀਕ ਕਰਦਾ ਹੈ ਕਿ ਕਾਂਗਰਸ ਕਦੇ ਵੀ ਸਿੱਖਾਂ ਦਾ ਭਲਾ ਨਹੀਂ ਚਾਹੁੰਦੀ।

ਇਹ ਹਮੇਸ਼ਾ ਹੀ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀ ਨੀਅਤ ਤੇ ਨੀਤੀ ਨਾਲ ਕੰਮ ਕਰਦੀ ਰਹੀ ਹੈ। ਬਾਦਲ ਨੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਣੀ ਮਾਣਮੱਤੀ ਸੰਸਥਾ ਸ਼੍ਰੋਮਣੀ ਕਮੇਟੀ ਦੀ ਸਿੱਖੀ ਪ੍ਰਚਾਰ ਲਹਿਰ ਦਾ ਹਿੱਸਾ ਬਣਨ ਅਤੇ ਮਨੁੱਖਤਾ ਦੇ ਭਲਾਈ ਕਾਰਜਾਂ ’ਚ ਵੀ ਵੱਧ-ਚੜ ਕੇ ਅੱਗੇ ਆਉਣ। ਉਨ੍ਹਾਂ ਸਿੱਖ ਸੰਸਥਾ ਦੇ 101 ਸਾਲਾ ਸਥਾਪਨਾ ਦਿਵਸ ਦੀ ਕੌਮ ਨੂੰ ਵਧਾਈ ਦਿੱਤੀ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਿੱਥੇ ਸ਼੍ਰੋਮਣੀ ਕਮੇਟੀ ਵਲੋਂ 100 ਸਾਲਾ ਸਫ਼ਰ ਦੌਰਾਨ ਨਿਭਾਈਆਂ ਸੇਵਾਵਾਂ ਅਤੇ ਕੀਤੇ ਕਾਰਜਾਂ ਦਾ ਸੰਖੇਪ ਵਿੱਚ ਵਰਣਨ ਕੀਤਾ, ਉਥੇ ਹੀ ਭਵਿੱਖ ਦੀਆਂ ਤਰਜੀਹਾਂ ਵੀ ਸਪੱਸ਼ਟ ਕੀਤੀਆਂ। ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਕਿ ਭਵਿੱਖ ’ਚ ਸਿੱਖੀ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਵੱਖ-ਵੱਖ ਭਸ਼ਾਵਾਂ ਦੇ ਗਿਆਤਾ ਤੇ ਪ੍ਰਚਾਰਕ ਭਰਤੀ ਕਰ ਕੇ ਵੱਖ-ਵੱਖ ਸੂਬਿਆਂ ਤੇ ਦੇਸ਼ਾਂ ਵਿੱਚ ਭੇਜੇ ਜਾਣਗੇ। ਇਸ ਦੇ ਨਾਲ ਹੀ ਉਨ੍ਹਾਂ ਸਿੱਖ ਇਤਿਹਾਸ ਨੂੰ ਵੱਧ ਤੋਂ ਵੱਧ ਸੰਗਤ ਤਕ ਪਹੁੰਚਾਉਣ ਲਈ ਦੋ ਯੋਜਨਾਵਾਂ ਦਾ ਖ਼ੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਇਸ ਤਹਿਤ ਕੇਂਦਰੀ ਸਿੱਖ ਅਜਾਇਬਘਰ ਦਾ ਹੋਰ ਵਿਸਥਾਰ ਕੀਤਾ ਜਾਵੇਗਾ, ਜਿਸ ’ਚ ਆਧੁਨਿਕ ਢੰਗ ਨਾਲ ਸਿੱਖ ਇਤਿਹਾਸ ਤਸਵੀਰਾਂ ਰਾਹੀਂ ਰੂਪਮਾਨ ਹੋਵੇਗਾ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦਫ਼ਤਰ ਨਜ਼ਦੀਕ ਢੁੱਕਵੀਂ ਥਾਂ ’ਤੇ ਆਡੀਟੋਰੀਅਮ ਸਥਾਪਤ ਕਰ ਕੇ ਸਿੱਖ ਇਤਿਹਾਸ ਨਾਲ ਸਬੰਧਤ ਨਾਟਕ ਅਤੇ ਡਾਕੂਮੈਂਟਰੀਆਂ ਦਿਖਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸਿੱਖ ਨੌਜਵਾਨੀ ਨੂੰ ਆਧੁਨਿਕ ਸਾਧਨਾਂ ਦੁਆਰਾ ਸਿੱਖ ਧਰਮ ਦੇ ਇਤਿਹਾਸ ਨਾਲ ਜੋੜਨ ਲਈ ਭਵਿੱਖ ਵਿੱਚ ਵਿਉਂਤਬੰਦੀ ਕੀਤੀ ਜਾਵੇਗੀ ਅਤੇ ਇਸ ਦੇ ਨਾਲ ਹੀ ਬੱਚਿਆਂ ਲਈ ਸੁਚਿੱਤਰ ਪੁਸਤਕਾਂ ਤਿਆਰ ਕਰਵਾਈਆਂ ਜਾਣਗੀਆਂ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਮੇਸ਼ਾ ਹੀ ਸਿੱਖ ਪੰਥ ਦੇ ਭਖਦਿਆਂ ਮਸਲਿਆਂ ’ਤੇ ਸੰਜੀਦਾ ਰਹੀ ਹੈ ਅਤੇ ਭਵਿੱਖ ਵਿੱਚ ਵੀ ਹਰ ਸਿੱਖ ਮਸਲੇ ਦੇ ਸਰਲੀਕਰਨ ਲਈ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਸੀ ਪਰ ਦੁੱਖ ਦੀ ਗੱਲ ਹੈ ਕਿ ਸਰਕਾਰ ਆਪਣੇ ਹੀ ਐਲਾਨ ਤੋਂ ਮੁੱਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ 100 ਸਾਲਾ ਸਥਾਪਨਾ ਦਿਵਸ ਦੇ ਸੰਪੂਰਨਤਾ ਸਮਾਗਮਾਂ ਮੌਕੇ ਸ਼੍ਰੋਮਣੀ ਕਮੇਟੀ ਐਲਾਨ ਕਰਦੀ ਹੈ ਕਿ ਸਿੱਖ ਬੰਦੀਆਂ ਦੀ ਰਿਹਾਈ ਲਈ ਹਰ ਪੱਧਰ ’ਤੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਮਸਲਿਆਂ ਦੀ ਹਮੇਸ਼ਾ ਪੈਰਵਾਈ ਕਰਦੀ ਰਹੀ ਹੈ ਅਤੇ ਇਸ ਲਈ ਭਵਿੱਖ ਵਿੱਚ ਵੀ ਵਚਨਬੱਧ ਹੈ।



# ਸ੍ਰੀ ਦਰਬਾਰ ਸਾਹਿਬ 'ਚ ਪਾਲਕੀ ਸਾਹਿਬ ਲਈ ਸੋਨੇ ਦੀ ਕਾਰ ਸੇਵਾ ਸ਼ੁਰੂ

## 10 ਕਿੱਲੋ ਸੋਨੇ ਨਾਲ ਤਿਆਰ ਹੋਣਗੇ ਸੋਨੇ ਦੇ ਕਲਸ਼ ਅਤੇ ਪਾਲਕੀ ਸਾਹਿਬ



ਡੇਰਾ ਬਾਬਾ ਨਾਨਕ - ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਨਵੀਂ ਇਮਾਰਤ ਬਣਾਈ ਗਈ ਹੈ। ਨਵੀਂ ਇਮਾਰਤ 'ਚ ਸੁਸ਼ੋਭਿਤ ਕਰਨ ਲਈ ਪਾਲਕੀ ਸਾਹਿਬ ਬਣਾਈ ਜਾ ਰਹੀ ਹੈ ਜਿਸ ਉੱਪਰ ਸੋਨਾ ਲਗਾਉਣ ਦੀ ਸੇਵਾ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਨੇ ਸੰਗਤ ਸਮੇਤ ਅਰਦਾਸ ਕਰਨ ਉਪਰੰਤ ਆਰੰਭ ਕੀਤੀ।


ਇਸ ਮੌਕੇ ਬਾਬਾ ਸੇਵਾ ਸਿੰਘ ਨੇ ਦੱਸਿਆ ਕਿ ਸੋਨੇ ਨਾਲ ਤਿਆਰ ਹੋਣ ਵਾਲੀ ਇਸ ਸੁੰਦਰ ਪਾਲਕੀ 'ਤੇ ਚਾਰ ਕਲਸ਼ਾਂ ਉੱਪਰ ਤਕਰੀਬਨ 8 ਤੋਂ 10 ਕਿੱਲੋ ਸੋਨਾ ਲੱਗੇਗਾ। ਇਹ ਪਾਲਕੀ ਮਾਰਚ ਮਹੀਨੇ ਤੋਂ ਪਹਿਲਾਂ ਤਿਆਰ ਹੋ ਜਾਵੇਗੀ ਜਿਸ ਨੂੰ ਸ੍ਰੀ ਚੋਹਲਾ ਸਾਹਿਬ ਦੇ ਮੇਲੇ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ 'ਚ ਸੁਸ਼ੋਭਿਤ ਕਰ ਦਿੱਤਾ ਜਾਵੇਗਾ। ਸੋਨੇ ਦੀ ਪਾਲਕੀ ਦੀ ਸੇਵਾ 1827 'ਚ ਮਹਾਰਾਜਾ ਰਣਜੀਤ ਸਿੰਘ ਵਲੋਂ ਕਰਵਾਈ ਗਈ ਸੀ ਅਤੇ ਹੁਣ ਵੀ ਇਸ ਇਤਿਹਾਸਕ ਪਾਲਕੀ ਨੂੰ ਪੁਰਾਤਨ ਦਿੱਖ ਦਿੱਤੀ ਜਾਵੇਗੀ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਸੋਨੇ ਦੀ ਸੇਵਾ 'ਚ ਵੱਧ-ਚੜ੍ਹ ਕੇ ਹਿੱਸਾ ਪਾਉਣ।


ਇਸ ਮੌਕੇ ਜਥੇ.ਅਮਰੀਕ ਸਿੰਘ ਸ਼ਾਹਪੁਰ ਨੇ ਬਾਬਾ ਸੇਵਾ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਾਬਾ ਜੀ ਵਲੋਂ ਪਹਿਲਾਂ ਵੀ ਵੱਖ-ਵੱਖ ਇਮਾਰਤਾਂ ਸਮੇਤ ਸਰੋਵਰ ਦੀ ਕਾਰ ਸੇਵਾ ਕਰਵਾਈ ਗਈ ਹੈ ਅਤੇ ਹੁਣ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਤੇ ਪਾਲਕੀ ਸਾਹਿਬ ਦੀ ਸੇਵਾ ਕਰਵਾਈ ਜਾ ਰਹੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਸੇਵਾ ਦੇ ਕੁੰਭ 'ਚ ਵੱਧ-ਚੜ੍ਹ ਕੇ ਹਿੱਸਾ ਪਾਉਣ।

ਇਸ ਮੌਕੇ ਰਵੀਕਰਨ ਸਿੰਘ ਕਾਹਲੋਂ ਹਲਕਾ ਇੰਚਾਰਜ ਤੇ ਉਮੀਦਵਾਰ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ, ਰਣਜੀਤ ਸਿੰਘ ਕਲਿਆਣਪੁਰ ਮੈਨੇਜਰ ਗੁ.ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ, ਬਾਬਾ ਸਾਬ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਬਿਸ਼ਨ ਸਿੰਘ ਪੱਪੂ, ਮਨਮੋਹਨ ਸਿੰਘ ਪੱਖੋਕੇ ਸਾਬਕਾ ਚੇਅਰਮੈਨ ਲੈਂਡ ਮਾਰਟਗੇਜ਼ ਬੈਂਕ, ਬਾਬਾ ਜਗੀਰ ਸਿੰਘ ਹਰੂਵਾਲ, ਬਾਬਾ ਜਗਤਾਰ ਸਿੰਘ, ਬਾਬਾ ਪ੍ਰੀਤਮ ਸਿੰਘ ਜੌਂਡੀਆਂ ਕਲਾਂ, ਡਾ.ਗੁਰਦੇਵ ਸਿੰਘ ਧਾਰੋਵਾਲੀ, ਜ.ਰਣਧੀਰ ਸਿੰਘ ਸਾਬਕਾ ਹੈੱਡ ਗਰੰਥੀ, ਸਤਬੀਰ ਸਿੰਘ ਬਿੱਟੂ ਸਾਬਕਾ ਸਰਪੰਚ, ਅਮਰਜੀਤ ਸਿੰਘ ਬੰਬ ਤਲਵੰਡੀ ਗੋਰਾਇਆ, ਚਰਨਜੀਤ ਸਿੰਘ ਅੰਮ੍ਰਿਤਸਰ, ਗੁਰਮੁਖ ਸਿੰਘ ਸ਼ਕਰੀ, ਗੁਰਪ੍ਰੀਤ ਸਿੰਘ ਖਾਸਾਂਵਾਲੀ, ਰਵੇਲ ਸਿੰਘ ਜੋਡੀਆਂ ਕਲਾਂ, ਬਖਸ਼ੀਸ਼ ਸਿੰਘ ਠੇਠਰਕੇ, ਮੱਖਣ ਸਿੰਘ ਸੈਕਟਰੀ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਜੋੜ-ਤੋੜ ਸ਼ੁਰੂ







ਪਟਿਆਲਾ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਬਾਕੀ ਅਹੁਦੇਦਾਰਾਂ ਦੀ 29 ਨਵੰਬਰ ਨੂੰ ਹੋਣ ਵਾਲ਼ੀ ਸਾਲਾਨਾ ਚੋਣ ਲਈ ਜੋੜ-ਤੋੜ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸ ਚੋਣ ਲਈ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੌਰ ਦੇ ਮੁੜ ਪ੍ਰਧਾਨ ਬਣਨ ਦੀ ਚਰਚਾ ਹੈ, ਪਰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਔਨਰੇਰੀ ਚੀਫ਼ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਬਰਨਾਲ਼ਾ ਜ਼ਿਲ੍ਹੇ ਦੇ ਦਲਿਤ ਮੈਂਬਰ ਬਲਬੀਰ ਸਿੰਘ ਘੁੰਨਸ ਦੇ ਨਾਵਾਂ ਦੀ ਚਰਚਾ ਵੀ ਸਿਖਰਾਂ 'ਤੇ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪਿਛਲੀ ਵਾਰ ਪ੍ਰਧਾਨਗੀ ਦੇ ਮਜ਼ਬੂਤ ਦਾਅਵੇਦਾਰ ਸਨ, ਪਰ ਪ੍ਰਧਾਨਗੀ ਨਾ ਮਿਲਣ ਕਰ ਕੇ ਹੀ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦਾ ਔਨਰੇਰੀ ਚੀਫ਼ ਸਕੱਤਰ ਲਾਇਆ ਗਿਆ ਸੀ। ਘੁੰਨਸ ਹੁਣ ਹਲਕਾ ਮਹਿਲ ਕਲਾਂ ਦੇ ਇੰਚਾਰਜ ਹਨ ਜੋ ਸਮਝੌਤੇ ਤਹਿਤ ਬਸਪਾ ਦੇ ਹਿੱਸੇ ਆ ਗਿਆ। ਉਨ੍ਹਾਂ ਨੂੰ ਟਿਕਟ ਤੋਂ ਵਾਂਝਾ ਰੱਖੇ ਜਾਣ ਦੀ ਕਾਰਵਾਈ ਨੂੰ ਵੀ ਪ੍ਰਧਾਨਗੀ ਅਹੁਦੇ ਨਾਲ਼ ਜੋੜ ਕੇ ਵੇਖਿਆ ਜਾ ਰਿਹਾ ਹੈ। ਢੀਂਡਸਿਆਂ ਦੇ ਆਧਾਰ ਵਾਲ਼ੇ ਖੇਤਰ ਸੰਗਰੂਰ-ਬਰਨਾਲ਼ਾ ਨਾਲ਼ ਸਬੰਧਤ ਹੋਣ ਕਰ ਕੇ ਵੀ ਉਨ੍ਹਾਂ ਦਾ ਨਾਮ ਵਿਚਾਰੇ ਜਾਣ ਦੀਆਂ ਕਿਆਸਅਰਾਈਆਂ ਹਨ।

### ਸੁਰਜੀਤ ਗੜ੍ਹੀ ਨੂੰ ਅਹਿਮ ਅਹੁਦਾ ਮਿਲਣ ਦੇ ਕਿਆਸ

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 'ਚ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ ਅਤੇ ਜੂਨੀਅਰ ਮੀਤ ਪ੍ਰਧਾਨ ਸਮੇਤ 11 ਐਗਜ਼ੈਕਟਿਵ ਮੈਂਬਰਾਂ ਦੀ ਚੋਣ ਦੀ ਕੀਤੀ ਜਾਣੀ ਹੈ। ਪ੍ਰਧਾਨਗੀ ਤੋਂ ਇਲਾਵਾ ਬਾਕੀ ਤਿੰਨ ਪ੍ਰਮੁੱਖ ਅਹੁਦਿਆਂ ਵਿਚੋਂ ਇੱਕ ਅਹੁਦਾ ਰਾਜਪੁਰਾ ਤੋਂ ਅਕਾਲੀ ਦਲ ਦੀ ਟਿਕਟ ਤੋਂ ਵਾਂਝੇ ਰਹੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੂੰ ਦਿੱਤਾ ਜਾ ਸਕਦਾ ਹੈ। ਭਾਜਪਾ ਨਾਲ ਸਾਂਝ ਟੁੱਟਣ ਮਗਰੋਂ ਕਈ ਸਾਲਾਂ ਬਾਅਦ ਰਾਜਪੁਰਾ ਸੀਟ ਅਕਾਲੀ ਦਲ ਦੇ ਹਿੱਸੇ ਆਉਣ 'ਤੇ ਪਾਰਟੀ ਨੇ ਇੱਥੋਂ ਸੁਖਬੀਰ ਬਾਦਲ ਦੇ k~8 ਚਰਨਜੀਤ ਬਰਾੜ ਨੂੰ ਟਿਕਟ ਦਿੱਤੀ ਹੈ ਜਿਸ ਕਾਰਨ ਗੜ੍ਹੀ ਨਾਰਾਜ਼ ਚੱਲੇ ਆ ਰਹੇ ਸਨ। ਬੀਤੇ ਦਿਨੀਂ ਬਾਦਲ ਗੜ੍ਹੀ ਨੂੰ ਨਾਲ ਤੋਰਨ ਲਈ ਉਨ੍ਹਾਂ ਦੇ ਘਰ ਆਏ ਸਨ। ਸੂਤਰਾਂ ਮੁਤਾਬਿਕ ਸੁਰਜੀਤ ਗੜ੍ਹੀ ਨੂੰ 29 ਨਵੰਬਰ ਨੂੰ ਉਕਤ ਤਿੰਨ 'ਚੋਂ ਇੱਕ ਅਹੁਦਾ ਦੇਣ ਦਾ ਫ਼ੈਸਲਾ ਹੋ ਚੁੱਕਾ ਹੈ।

# ਮੇਰੇ ਪਤੀ ਕਦੀ ਵੀ ਪਿੱਠ ਦਿਖਾ ਕੇ ਪਾਰਟੀ ਨਹੀਂ ਛੱਡਦੇ - ਨਵਜੋਤ ਕੌਰ ਸਿੱਧੂ



ਅੰਮ੍ਰਿਤਸਰ - ਸਾਬਕਾ ਵਿਧਾਇਕਾ ਨਵਜੋਤ ਕੌਰ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਵੱਡਾ ਸ਼ਬਦੀ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਬੀਤੇ 'ਚ ਅਫ਼ਵਾਹ ਫ਼ੈਲਾਅ ਰਹੇ ਸਨ ਕਿ ਨਵਜੋਤ ਸਿੰਘ ਸਿੱਧੂ ਆਮ ਆਦਮੀ ਪਾਰਟੀ (ਆਪ) 'ਚ ਸ਼ਾਮਿਲ ਹੋ ਜਾਣਗੇ, ਪਰ ਹੁਣ ਉਹ ਸਭ ਸਾਹਮਣੇ ਆ ਰਿਹਾ ਹੈ ਅਤੇ ਨਵਜੋਤ ਸਿੰਘ ਸਿੱਧੂ ਹੁਣ ਕਿੱਥੇ ਹਨ। ਇਸ ਤੋਂ ਲੋਕਾਂ ਨੂੰ ਸਭ ਸਾਫ਼ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਧੂ ਕਦੀ ਵੀ ਪਿੱਠ ਦਿਖਾ ਕੇ ਅਤੇ ਝੂਠ ਬੋਲ ਕੇ ਨਹੀਂ ਜਾਂਦੇ ਬਲਕਿ ਜੇ ਉਨ੍ਹਾਂ ਨੇ ਦੂਸਰੀ ਪਾਰਟੀ ਜੋਆਇਨ ਕਰਨੀ ਹੁੰਦੀ ਤਾਂ ਅਸਤੀਫ਼ਾ ਦੇ ਕੇ ਦੂਸਰੀ ਪਾਰਟੀ 'ਚ ਸ਼ਾਮਿਲ ਹੁੰਦੇ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਜਦੋਂ ਮੈਂ ਪਟਿਆਲਾ 'ਚ ਸੀ ਤਾਂ ਆਪ ਦੇ ਲੋਕ ਮੈਨੂੰ ਮਿਲਣ ਆਏ ਸਨ ਕਿ ਨਵਜੋਤ ਸਿੱਧੂ ਜਦੋਂ ਆਪ 'ਚ ਸ਼ਾਮਿਲ ਹੋ ਜਾਣਗੇ ਤਾਂ ਅਸੀਂ ਵੀ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋ ਜਾਵਾਂਗੇ। ਸੋਨੂੰ ਸੂਦ ਬਾਰੇ ਬੋਲਦਿਆਂ ਨਵਜੋਤ ਕੌਰ ਸਿੱਧੂ ਨੇ ਕਿਹਾ ਜੇ ਅਜਿਹੇ ਵਿਅਕਤੀ ਜੋ ਲੋਕਾਂ ਦੇ ਭਲੇ ਦੀ ਗੱਲ ਕਰਦੇ ਹਨ ਜੇ ਕਾਂਗਰਸ ਪਾਰਟੀ 'ਚ ਸ਼ਾਮਿਲ ਹੁੰਦੇ ਹਨ ਤਾਂ ਕਾਂਗਰਸ ਪਾਰਟੀ ਲਈ ਇਹ ਬਹੁਤ ਹੀ ਵਧੀਆ ਹੋਵੇਗਾ। ਇਸ ਦੌਰਾਨ ਆਪ ਵਲੋਂ ਪਾਰਟੀ ਦੇ ਉਮੀਦਵਾਰਾਂ ਦੀ ਲਿਸਟ ਜਾਰੀ ਕਰਨ 'ਤੇ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਇਸ ਪਾਰਟੀ ਨੂੰ ਡਰ ਹੈ ਕਿ ਜਿਹੜੇ ਵੀ ਉਮੀਦਵਾਰ ਐਲਾਨਣੇ ਹਨ, ਉਹ ਕਿਤੇ ਭੱਜ ਨਾ ਜਾਣ ਇਸ ਲਈ ਉਸ ਨੇ ਜਲਦਬਾਜ਼ੀ 'ਚ ਲਿਸਟ ਜਾਰੀ ਕਰ ਦਿੱਤੀ।

ਉਨ੍ਹਾਂ ਕਿਹਾ ਕਿ ਆਪ ਦੇ ਕੁੱਝ ਹੋਰ ਉਮੀਦਵਾਰ ਕੁੱਝ ਦਿਨਾਂ 'ਚ ਪਾਰਟੀ ਛੱਡ ਜਾਣਗੇ। ਇਸ ਦੌਰਾਨ ਕੰਗਨਾ ਰਣੌਤ ਨੂੰ ਲੈ ਕੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸਿੱਧੂ ਨੇ ਕਿਹਾ ਕਿ ਉਸ ਦਾ ਦਿਮਾਗ਼ੀ ਸੰਤੁਲਨ ਹੀ ਖ਼ਰਾਬ ਹੈ ਜਿਸ ਕਾਰਨ ਉਹ ਅਜਿਹੀ ਬਿਆਨਬਾਜ਼ੀ ਕਰਦੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਭਾਵੇਂ ਹੀ ਘੱਟ ਸਮਾਂ ਮਿਲਿਆ ਹੈ, ਪਰ ਘੱਟ ਸਮੇਂ 'ਚ ਵੀ ਲੋਕਾਂ ਦੇ ਹੱਕ ਦੀ ਗੱਲ ਕਰ ਰਹੀ ਹੈ।

# ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਸ਼ਾਮਲ ਹੋਣ ਨਾਲ ਕਾਂਗਰਸ 'ਚ ਸੁਲਗ ਰਹੀ 'ਬਗਾਵਤ' ਦੀ ਚੰਗਿਆੜੀ



ਲੁਧਿਆਣਾ -ਆਮ ਆਦਮੀ ਪਾਰਟੀ ਵਲੋਂ 2 ਵਿਧਾਇਕਾਂ ਦੇ ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਕੁਨਬਾ ਬਿਖਰਨ ਤੋਂ ਬਚਾਉਣ ਲਈ 10 ਮੌਜੂਦਾ ਵਿਧਾਇਕਾਂ ਨੂੰ ਟਿਕਟ ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਉਸ ਦੇ ਕਈ ਵਿਧਾਇਕਾਂ ਤੇ ਵਿਧਾਨ ਸਭਾ ਚੋਣਾਂ ਲੜਨ ਵਾਲੇ ਵੱਡੇ ਨੇਤਾ ਕਾਂਗਰਸ 'ਚ ਸ਼ਾਮਲ ਹੋਣ ਲਈ ਤਿਆਰ ਬੈਠੇ ਹਨ ਪਰ ਉਨ੍ਹਾਂ ਨੂੰ ਕਾਂਗਰਸ 'ਚ ਸ਼ਾਮਲ ਕਰਨ ਨੂੰ ਲੈ ਕੇ ਫ਼ੈਸਲਾ ਨਹੀਂ ਸਕਿਆ ਹੈ ਕਿਉਂਕਿ ਇਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਸ਼ਾਮਲ ਕਰਨ ਨਾਲ ਕਾਂਗਰਸ 'ਚ ਬਗਾਵਤ ਦੀ ਚੰਗਿਆੜੀ ਸੁਲਗ ਰਹੀ ਹੈ। ਇਹ ਦੱਸਣਾ ਵੀ ਜ਼ਰੂਰੀ ਹੈ ਕਿ ਵਿਧਾਨ ਸਭਾ ਸੈਸ਼ਨ ਦੌਰਾਨ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਖੁੱਲ੍ਹੇਆਮ ਸਮਰਥਨ ਦੇਣ ਵਾਲੇ ਆਮ ਆਦਮੀ ਪਾਰਟੀ ਦੇ ਜਗਤਾਰ ਸਿੰਘ ਜੱਗਾ, ਜਿਸ ਰਾਏਕੋਟ ਸੀਟ ਤੋਂ ਵਿਧਾਇਕ ਹਨ, ਉੱਥੋਂ ਫ਼ਤਿਹਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ. ਅਮਰ ਸਿੰਘ ਪਹਿਲਾਂ ਵਿਧਾਨ ਸਭਾ ਚੋਣਾਂ ਲੜ ਚੁੱਕੇ ਹਨ ਤੇ ਇਸ ਵਾਰ ਆਪਣੇ ਪੁੱਤਰ ਲਈ ਟਿਕਟ ਦੀ ਮੰਗ ਕਰ ਰਹੇ ਹਨ ਪਰ ਜੱਗਾ ਦੇ ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਟਿਕਟ 'ਤੇ ਉਨ੍ਹਾਂ ਦੀ ਦਾਅਵੇਦਾਰੀ ਕਮਜ਼ੋਰ ਪੈ ਜਾਵੇਗੀ, ਜਿਸ ਨੂੰ ਲੈ ਕੇ ਉਨ੍ਹਾਂ ਨੇ ਹਾਈਕਮਾਨ ਦੇ ਸਾਹਮਣੇ ਇਤਰਾਜ਼ ਦਰਜ ਕਰਵਾਇਆ ਹੈ।

ਸ਼ਾਇਦ ਇਹੀ ਵਜ੍ਹਾ ਹੈ ਕਿ ਜੱਗਾ ਵਲੋਂ ਉਨ੍ਹਾਂ ਨੂੰ ਮਨਾਉਣ ਲਈ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਵਾਪਸ ਬੁਲਾਉਣ ਤੋਂ ਬਾਅਦ ਵੀ ਹੁਣ ਰਸਮੀ ਤੌਰ 'ਤੇ ਕਾਂਗਰਸ 'ਚ ਜੁਆਇਨਿੰਗ ਨਹੀਂ ਹੋ ਸਕੀ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਜਿਨ੍ਹਾਂ ਵਿਧਾਇਕਾਂ ਨਾਜਰ ਸਿੰਘ, ਪੀਰਮਲ ਸਿੰਘ, ਜਗਦੇਵ ਸਿੰਘ, ਰੁਪਿੰਦਰ ਰੂਬੀ ਨੂੰ ਪਹਿਲਾਂ ਕਾਂਗਰਸ 'ਚ ਸ਼ਾਮਲ ਕੀਤਾ ਗਿਆ ਸੀ, ਉੱਥੇ ਪਿਛਲੀਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਜਾਂ ਹਲਕਾ ਇੰਚਾਰਜ ਦੇ ਰੂਪ 'ਚ ਕੰਮ ਕਰਨ ਰਹੇ ਕਾਂਗਰਸੀ ਨੇਤਾ ਵੀ ਨਾਰਾਜ਼ ਚੱਲ ਰਹੇ ਹਨ, ਜਿਨ੍ਹਾਂ ਵਲੋਂ ਟਿਕਟ ਨਾ ਮਿਲਣ ਦੇ ਡਰੋਂ ਆਮ ਆਦਮੀ ਪਾਰਟੀ, ਅਕਾਲੀ ਦਲ ਜਾਂ ਭਾਜਪਾ ਦੇ ਨਾਲ ਸੰਪਰਕ ਕੀਤਾ ਜਾ ਰਿਹਾ ਹੈ, ਇਸ ਦੀ ਭਿਣਕ ਪੈਣ 'ਤੇ ਕਾਂਗਰਸ ਨੇ ਆਮ ਆਦਮੀ ਪਾਰਟੀ ਦੇ ਹੋਰ ਵਿਧਾਇਕਾਂ ਨੂੰ ਸ਼ਾਮਲ ਕਰਨ ਤੋਂ ਫ਼ਿਲਹਾਲ ਪੈਰ ਪਿੱਛੇ ਖਿੱਚ ਲਏ ਹਨ। ਮਿਲੀ ਜਾਣਕਾਰੀ ਮੁਤਾਬਕ ਹਾਈਕਮਾਨ ਵਲੋਂ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਜਾਂ ਕਾਂਗਰਸ ਨੇਤਾਵਾਂ ਨੂੰ ਕਮਜੋਰ ਦਾਅਵੇਦਾਰੀ ਵਾਲੀ ਸੀਟ 'ਤੇ ਐਡਜਸਟ ਕਰਨ ਦੀ ਰਣਨੀਤੀ ਬਣਾਈ ਜਾ ਰਹੀ ਹੈ।

# ਦਾਸਤਾਨ-ਏ-ਸ਼੍ਰੋਮਣੀ ਕਮੇਟੀ

## ਸਿੱਖ ਯੋਧਿਆਂ ਦੀ ਕੁਰਬਾਨੀ ਤੇ ਸੇਵਾ ਸਿਦਕ ਦੀ ਮਿਸਾਲ ਹੈ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 100 ਵਰ੍ਹਿਆਂ ਦੀ ਹੋ ਗਈ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹੀ ਜਾਣ ਵਾਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 15 ਨਵੰਬਰ 1920 ਨੂੰ ਹੋਂਦ 'ਚ ਆਈ। ਇਸ ਦੇ ਹੋਂਦ 'ਚ ਆਉਣ ਦਾ ਮੁੱਖ ਕਾਰਨ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਮਹੰਤਾਂ ਤੋਂ ਵਾਪਸ ਲੈਣਾ ਸੀ ਜਿਸ ਦੇ ਲਈ ਸਿੱਖਾਂ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਤੇ ਮਹੰਤਾਂ ਤੋਂ ਗੁਰੂਘਰ ਆਜ਼ਾਦ ਕਰਵਾਏ। ਇਨ੍ਹਾਂ 100 ਸਾਲਾਂ 'ਚ ਸ਼੍ਰੋਮਣੀ ਕਮੇਟੀ 'ਚ ਕਈ ਉਤਾਰ-ਚੜ੍ਹਾਅ ਆਏ ।

ਸ਼੍ਰੋਮਣੀ ਕਮੇਟੀ ਦੀ ਹੋਂਦ ਲਈ ਸੈਂਕੜੇ ਸ਼ਹੀਦੀਆਂ ਹੋਈਆ। ਸ਼੍ਰੋਮਣੀ ਕਮੇਟੀ ਦਾ ਮੁੱਢ 1920 ਦੇ ਅੱਧ ਤੋਂ ਪਹਿਲਾਂ ਹੀ ਬੱਝ ਗਿਆ ਸੀ , ਜਦੋਂ 21 ਮਈ 1920 ਨੂੰ ਰੋਜਾਨਾ ਅਕਾਲੀ ਅਖਬਾਰ ਸ਼ੁਰੂ ਹੋਈ ਤੇ ਬਿਨਾਂ ਕਿਸੇ ਜਥੇਬੰਦੀ ਦੇ ਸੁਧਾਰ ਲਹਿਰ ਸ਼ੁਰੂ ਹੋ ਗਈ। ਇਸ ਲਹਿਰ ਦੀ ਪਹਿਲੀ ਕਾਮਯਾਬੀ - ਸਤੰਬਰ 1920 'ਚ ਗੁਰਦੁਆਰਾ ਚੁਮਾਲਾ ਸਾਹਿਬ ਤੇ ਦੂਜੀ ਕਾਮਯਾਬੀ-ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਸੀ। ਬਾਬੇ ਦੀ ਬੇਰ ਦੇ ਕਬਜ਼ੇ ਤੋਂ ਬਾਅਦ ਹਫ਼ਤੇ 'ਚ ਹੀ ਸਿੱਖਾਂ ਨੇ ਸ੍ਰੀ ਅਕਾਲ ਤਖਤ ਤੇ ਦਰਬਾਰ ਸਾਹਿਬ ਵੀ ਅਜ਼ਾਦ ਕਰਾ ਲਏ। ਇਸ ਦੇ ਇੱਕ ਮਹੀਨੇ ਬਾਅਦ ਸ਼੍ਰੋਮਣੀ ਕਮੇਟੀ ਕਾਇਮ ਹੋ ਗਈ ਤੇ ਉਸ ਤੋਂ ਇੱਕ ਮਹੀਨੇ ਬਾਅਦ ਸ਼੍ਰੋਮਣੀ ਅਕਾਲੀ ਦਲ। ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਸ਼੍ਰੋਮਣੀ ਕਮੇਟੀ ਨੇ ਸੈਂਕੜੇ ਕੁਰਬਾਨੀਆਂ ਕੀਤੀਆਂ ਤੇ ਮੋਰਚੇ ਲਾਏ, ਜਿਨ੍ਹਾਂ 'ਚ ਚਾਬੀਆਂ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ ਤੇ ਭਾਈ ਫ਼ੇਰੂ ਦਾ ਮੋਰਚਾ ਅਹਿਮ ਨੇ। ਇਸ ਸਮੇਂ ਦੌਰਾਨ ਹੀ ਸਾਕਾ ਨਨਕਾਣਾ ਤੇ ਜੈਤੋ ਵਿੱਚ 300 ਦੇ ਕਰੀਬ ਸਿੰਘ ਸ਼ਹੀਦ ਹੋਏ।

ਸ਼੍ਰੋਮਣੀ ਕਮੇਟੀ ਹੋਂਦ 'ਚ ਆਉਣ ਦੇ ਕਾਰਨ

1849 'ਚ ਸਿੱਖ ਰਾਜ ਜਾਣ ਤੋਂ ਬਾਅਦ ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਅੰਗਰੇਜ਼ਾਂ ਦੇ ਪਿੱਠੂ ਬਣ ਗਏ। ਗੁਰਧਾਮਾਂ 'ਚ ਮਹੰਤਾਂ ਦੀਆਂ ਮਨਮਾਨੀਆਂ ਵੱਧ ਗਈਆਂ। ਗੁਰਦੁਆਰਿਆਂ ਦੇ ਚੜ੍ਹਾਵੇ ਨੂੰ ਉਹ ਨਿੱਜੀ ਜਗੀਰ ਸਮਝਣ ਲੱਗ ਪਏ। ਅੰਗਰੇਜ਼ ਨਹੀਂ ਸਨ ਚਾਹੁੰਦੇ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਸਿੱਖਾਂ ਦੇ ਹੱਥਾਂ 'ਚ ਹੋਵੇ। ਸੰਜੀਦਾ ਸਿੱਖ ਗੁਰਦੁਆਰਿਆਂ ਦੀ ਨਿੱਘਰਦੀ ਹਾਲਤ ਤੋਂ ਚਿੰਤਤ ਸਨ। ਅਖੀਰ 1920 'ਚ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਬੱਝਾ। ਪਹਿਲਾਂ 27 ਸਤੰਬਰ 1920 ਨੂੰ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ ਤੇ ਫ਼ਿਰ 6 ਅਕਤੂਬਰ ਨੂੰ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਸਿੱਖਾਂ ਦੇ ਕਬਜ਼ੇ ਹੇਠ ਆਉਣ ਮਗਰੋਂ ਭਾਈ ਲਛਮਣ ਸਿੰਘ ਨੇ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਮੋਰਚੇ ਦਾ ਐਲਾਨ ਕਰ ਦਿੱਤਾ।

ਉਨ੍ਹਾਂ ਹੀ ਦਿਨਾਂ 'ਚ ਦਰਬਾਰ ਸਾਹਿਬ ਦੇ ਪੁਜਾਰੀ ਇੰਨੇ ਗਿਰ ਗਏ ਸਨ ਕਿ ਅਖੌਤੀ ਪੱਛੜੀਆਂ ਜਾਤਾਂ ਦਾ ਪ੍ਰਸ਼ਾਦ ਤਕ ਕਬੂਲ ਨਹੀਂ ਸਨ ਕਰਦੇ। ਪ੍ਰੋ. ਹਰਕਿਸ਼ਨ ਸਿੰਘ ਬਾਵਾ ਦੀ ਬੇਨਤੀ 'ਤੇ ਵੀ ਜਦੋਂ ਪੁਜਾਰੀ ਨਾ ਮੰਨੇ ਤਾਂ ਜਥੇਦਾਰ ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ ਸਿੱਖ ਜਥਿਆਂ ਨਾਲ ਦਰਬਾਰ ਸਾਹਿਬ ਪੁੱਜ ਗਏ। ਸੰਗਤਾਂ ਦੇ ਇਕੱਠ ਨੂੰ ਵੇਖ ਪੁਜਾਰੀ ਸ੍ਰੀ ਅਕਾਲ ਤਖਤ ਛੱਡ ਕੇ ਭੱਜ ਗਏ, ਜਿਸ ਮਗਰੋਂ ਸਿੰਘਾਂ ਨੇ ਗੁਰੂਘਰ ਦੀ ਸੇਵਾ ਸੰਭਾਲ ਲਈ, 17 ਮੈਂਬਰੀ ਕਮੇਟੀ ਬਣਾ ਦਿੱਤੀ, ਜਿਸ ਦੇ ਪ੍ਰਧਾਨ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਬਣਾਇਆ ਗਿਆ।

ਇਨ੍ਹਾਂ ਹੀ ਦਿਨਾਂ 'ਚ ਅੰਮ੍ਰਿਤਸਰ ਆਏ ਮਾਸਟਰ ਮੋਤਾ ਸਿੰਘ ਨੇ ਸਲਾਹ ਦਿੱਤੀ ਕਿ ਸਿੱਖ ਪੰਥ ਦਾ ਸਰਬੱਤ ਖਾਲਸਾ ਬੁਲਾ ਕੇ ਗੁਰਧਾਮਾਂ ਦੇ ਇੰਤਜ਼ਾਮ ਲਈ ਪੰਥਕ ਕਮੇਟੀ ਬਣਾਈ ਜਾਵੇ। ਸਿੱਖ ਆਗੂਆਂ ਦੀਆਂ ਕਈ ਮੀਟਿੰਗਾਂ ਤੇ ਵੀਚਾਰਾਂ ਤੋਂ ਬਾਅਦ 15 ਨਵੰਬਰ 1920 ਨੂੰ ਸਰਬੱਤ ਖਾਲਸਾ ਇਕੱਠਾ ਹੋਇਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ।

ਸ਼੍ਰੋਮਣੀ ਕਮੇਟੀ ਦਾ ਪਹਿਲਾ ਢਾਂਚਾ

ਸ਼੍ਰੋਮਣੀ ਕਮੇਟੀ ਦੇ ਗਠਨ ਸਮੇਂ ਕੁੱਲ 150 ਮੈਂਬਰ ਚੁਣੇ ਗਏ। ਬਾਅਦ 'ਚ ਕੁਝ ਮੈਂਬਰ ਸ਼ਾਮਲ ਕੀਤੇ ਗਏ ਤੇ ਇਹ ਗਿਣਤੀ 175 ਹੋ ਗਈ। ਪ੍ਰਧਾਨ ਦੀ ਚੋਣ ਲਈ ਹੋਈ ਮੀਟਿੰਗ 'ਚ 61 ਮੈਂਬਰ ਹਾਜ਼ਰ ਹੋਏ। ਜੋ ਮੈਂਬਰ ਅੰਮ੍ਰਿਤਧਾਰੀ ਨਹੀਂ ਸਨ, ਉਨ੍ਹਾਂ ਨੂੰ ਅੰਮ੍ਰਿਤ ਛੱਕਣ ਲਈ ਕਿਹਾ ਗਿਆ। ਪ੍ਰਧਾਨਗੀ ਵਾਸਤੇ ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ ਤੇ ਭਾਈ ਜੋਧ ਸਿੰਘ ਦੇ ਨਾਂ ਪੇਸ਼ ਕੀਤੇ ਗਏ। ਬਹੁਤੇ ਮੈਂਬਰ ਸੁੰਦਰ ਸਿੰਘ ਮਜੀਠੀਆ ਦੇ ਹੱਕ 'ਚ ਭੁਗਤੇ। ਲਿਹਾਜ਼ਾ ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ, ਹਰਬੰਸ ਸਿੰਘ ਅਟਾਰੀ ਨੂੰ ਮੀਤ ਪ੍ਰਧਾਨ, ਸੁੰਦਰ ਸਿਘ ਰਾਮਗੜੀਆ ਸਕੱਤਰ ਤੇ ਬਾਬਾ ਹਰਕਿਸ਼ਨ ਸਿੰਘ ਮੀਤ ਸਕੱਤਰ ਬਣੇ। ਐਗਜ਼ੈਕਟਿਵ ਵਿੱਚ ਜੋਧ ਸਿੰਘ, ਤੇਜਾ ਸਿੰਘ , ਬੂਟਾ ਸਿੰਘ ਵਕੀਲ, ਸ.ਹਰਬੰਸ ਸਿੰਘ,ਚਰਨ ਸਿੰਘ, ਅਮਰ ਸਿੰਘ ਲਾਇਲ ਗਜ਼ਟ ਤੇ ਬਾਬਾ ਕੇਹਰ ਸਿੰਘ ਪੱਟੀ ਚੁਣੇ ਗਏ। ਕੁਝ ਹਫ਼ਤਿਆਂ ਮਗਰੋਂ ਸੁੰਦਰ ਸਿੰਘ ਮਜੀਠਾ ਐਗਜੈਕਟਿਵ ਕੌਂਸਲ ਦੇ ਮੈਂਬਰ ਬਣ ਗਏ ਤੇ ਉਨ੍ਹਾ ਦੀ ਥਾਂ ਹਰਬੰਸ ਸਿੰਘ ਅਟਾਰੀ ਪ੍ਰਧਾਨ ਬਣੇ ।

30 ਅਪ੍ਰੈਲ 1921 ਨੂੰ ਸ਼੍ਰੋਮਣੀ ਕਮੇਟੀ ਰਜਿਸਟਰਡ ਹੋਈ। 14 ਅਗਸਤ 1921 ਨੂੰ ਨਵੀਂ ਚੋਣ ਹੋਈ। ਇਸ ਚੋਣ 'ਚ ਬਾਬਾ ਖੜਕ ਸਿੰਘ ਪ੍ਰਧਾਨ, ਮਹਿਤਾਬ ਸਿੰਘ ਮੀਤ ਪ੍ਰਧਾਨ ਤੇ ਸੁੰਦਰ ਸਿੰਘ ਰਾਮਗੜੀਆ ਸਕੱਤਰ ਚੁਣੇ ਗਏ। ਸਰਕਾਰ ਸਿੱਖਾਂ ਨਾਲ ਵਿਗੜ ਗਈ। ਸਿੱਖਾਂ ਦੀਆਂ ਸੈਂਕੜੇ ਸ਼ਹੀਦੀਆਂ, ਹਜ਼ਾਰਾਂ ਗ੍ਰਿਫ਼ਤਾਰੀਆਂ ਤੇ ਲੱਖਾਂ ਦੇ ਨੁਕਸਾਨ ਮਗਰੋਂ 1925 'ਚ ਗੁਰਦੁਆਰਾ ਐਕਟ ਬਣਾਇਆ ਗਿਆ। ਇਸ ਐਕਟ ਤਹਿਤ ਗੁਰਦੁਆਰਿਆਂ ਦਾ ਇੰਤਜ਼ਾਮ ਚੁਣੇ ਹੋਏ ਨੁਮਾਇੰਦਿਆਂ ਨੂੰ ਸੌਂਪ ਦਿੱਤਾ ਗਿਆ। ਇਸ ਕਮੇਟੀ ਦਾ ਨਾਂ ਸੈਂਟਰਲ ਬੋਰਡ ਰੱਖਿਆ ਗਿਆ।

ਗੁਰਦੁਆਰਾ ਐਕਟ ਤੇ ਸ਼੍ਰੋਮਣੀ ਕਮੇਟੀ

18 ਜੂਨ 1926 ਦੇ ਦਿਨ ਗੁਰਦੁਆਰਾ ਐਕਟ ਹੇਠ ਸੈਂਟਰਲ ਬੋਰਡ (ਜਿਸਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ) ਦੀਆਂ ਚੋਣਾਂ ਹੋਈਆਂ। 120 ਸੀਟਾਂ 'ਚੋਂ 85 ਅਕਾਲੀ ਪਾਰਟੀ ਨੇ, 26 ਸੀਟਾਂ ਸ਼ੇਰ ਸਿੰਘ-ਮਹਿਤਾਬ ਸਿੰਘ ਧੜੇ ਨੇ ਅਤੇ 7 ਸੀਟਾਂ ਤੀਜੇ ਧੜੇ ਨੇ ਜਿੱਤੀਆਂ । ਫ਼ਿਰ ਮਾਰਚ 1930 ਦੀਆਂ ਚੋਣਾਂ ਵਿੱਚ ਅਕਾਲੀ ਦਲ ਨੇ 120 'ਚੋਂ 100 ਸੀਟਾਂ, ਗਿਆਨੀ ਸ਼ੇਰ ਸਿੰਘ-ਮਹਿਤਾਬ ਸਿੰਘ ਧੜੇ ਨੇ 15 ਸੀਟਾਂ ਤੇ ਦੂਜਿਆਂ ਨੇ 5 ਸੀਟਾਂ ਜਿੱਤੀਆਂ। ਜ਼ਿਆਦਾਤਰ ਅਕਾਲੀ ਦਲ ਹੀ ਸ਼੍ਰੋਮਣੀ ਕਮੇਟੀ ਤੇ ਕਾਬਜ਼ ਰਿਹਾ। ਸਮੇਂ-ਸਮੇ 'ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੁੰਦੀਆਂ ਰਹੀਆਂ ਪਰ ਜ਼ਿਆਦਾਤਰ ਸ਼੍ਰੋਮਣੀ ਅਕਾਲੀ ਹੀ ਇਸ 'ਤੇ ਕਾਬਜ਼ ਰਿਹਾ। ਫ਼ਿਰ 1965 ਵਿੱਚ ਅਕਾਲੀ ਦਲ ਦੋ ਧੜਿਆਂ 'ਚ ਵੰਡਿਆ ਗਿਆ। ਇਸ ਵਾਰ ਚੋਣਾਂ 'ਚ ਫ਼ਤਿਹ ਸਿੰਘ ਅਕਾਲੀ ਦਲ ਨੇ 90, ਮਾਸਟਰ ਤਾਰਾ ਸਿੰਘ ਅਕਾਲੀ ਦਲ ਨੇ 45 ਤੇ ਦੂਜਿਆਂ 5 ਸੀਟਾਂ ਜਿੱਤੀਆਂ। ਫ਼ਿਰ 14 ਸਾਲ ਬਾਅਦ ਮਗਰੋਂ 1979 ਵਿੱਚ ਹੋਈਆਂ ਚੋਣਾਂ 'ਚ ਅਕਾਲੀ ਦਲ ਨੇ 140 'ਚੋਂ 132 ਸੀਟਾਂ ਜਿੱਤੀਆਂ । 1996 ਦੀਆਂ ਚੋਣਾਂ ਵਿੱਚ ਅਕਾਲੀ ਦਲ ਨੇ 160 ਵਿੱਚੋਂ 151 ਸੀਟਾਂ ਜਿੱਤੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹਰ ਸਾਲ ਹੁੰਦੀ ਹੈ। ਹੁਣ ਤਕ ਦੇ ਪ੍ਰਧਾਨਾਂ 'ਚੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਜਿਹੇ ਪ੍ਰਧਾਨ ਹੋਏ ਹਨ, ਜੋ ਸਭ ਤੋਂ ਵੱਧ 25 ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ।

ਸ਼੍ਰੋਮਣੀ ਕਮੇਟੀ ਦੀ ਵੰਡ



### ਸ਼੍ਰੋਮਣੀ ਕਮੇਟੀ ਦਾ ਮੌਜੂਦਾ ਸਰੂਪ

ਸ਼੍ਰੋਮਣੀ ਕਮੇਟੀ ਦੇ 170 ਮੈਂਬਰਾਂ ਦੀ ਸਿੱਧੀ ਚੋਣ ਹੁੰਦੀ ਹੈ। ਇਨ੍ਹਾਂ ਮੈਂਬਰਾਂ 'ਚੋਂ ਪੰਜਾਬ 'ਚੋਂ 155 ਮੈਂਬਰ, ਹਰਿਆਣਾ 'ਚੋਂ 13 ਮੈਂਬਰ ਜਦਕਿ ਹਿਮਾਚਲ ਤੇ ਚੰਡੀਗੜ੍ਹ 'ਚੋਂ 1-1 ਮੈਂਬਰ ਚੁਣਿਆ ਜਾਂਦਾ ਐ। ਇਸ ਤੋਂ ਇਲਾਵਾ ਕੁਝ ਮੈਂਬਰ 5 ਤਖਤ ਸਾਹਿਬਾਨ ਦੇ ਜਥੇਦਾਰਾਂ ਤੇ ਹੋਰ ਧਾਰਮਿਕ ਜਥੇਬੰਦੀਆਂ ਵਲੋਂ ਨਾਮਜ਼ਦ ਕੀਤੇ ਜਾਂਦੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਇਨ੍ਹਾਂ ਚੁਣੇ ਹੋਏ ਮੈਂਬਰਾਂ ਵਿੱਚੋਂ ਹੀ ਹੁੰਦੀ ਹੈ।

### ਸ਼੍ਰੋਮਣੀ ਕਮੇਟੀ ਦੀ ਵੰਡ

1947 'ਚ ਜਦੋਂ ਭਾਰਤ-ਪਾਕਿਸਤਾਨ ਦੀ ਵੰਡ ਹੋਈ ਤਾਂ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਕਈ ਇਤਿਹਾਸਕ ਗੁਰਦਆਰੇ ਪਾਕਿਸਤਾਨ 'ਚ ਰਹਿ ਗਏ। ਪਹਿਲਾਂ-ਪਹਿਲ ਸ਼੍ਰੋਮਣੀ ਕਮੇਟੀ ਵਲੋਂ ਛਿਮਾਹੀ ਜਥੇ ਸੇਵਾ ਸੰਭਾਲ ਲਈ ਜਾਂਦੇ ਰਹੇ ਪਰ ਬਾਅਦ 'ਚ ਇਹ ਸਿਲਸਿਲਾ ਵੀ ਬੰਦ ਹੋ ਗਿਆ ਜਿਸ ਤੋਂ ਬਾਅਦ ਪਾਕਿਸਤਾਨ 'ਚ ਰਹਿ ਗਏ ਗੁਰਦੁਆਰਿਆਂ ਦਾ ਪ੍ਰਬੰਧ ਵੇਖਣ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ 'ਚ ਆਈ । ਜਦਕਿ ਪੈਪਸੂ ਦੇ ਗੁਰਦੁਆਰਾ ਸਾਹਿਬਾਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਏ। ਫ਼ਿਰ 1966 'ਚ ਹਰਿਆਣਾ ਦੇ ਵੱਖ ਹੋਣ ਮਗਰੋਂ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਉੱਠੀ । ਹਾਲਾਂਕਿ ਹਰਿਆਣਾ ਗੁਰਦੁਆਰਾ ਕਮੇਟੀ ਦਾ ਮੁੱਦਾ ਅਜੇ ਅਦਾਲਤ 'ਚ ਐ ਪਰ ਅਜੇ ਵੀ ਹਰਿਆਣਾ ਦੇ ਕੁਝ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹਨ। ਇਸ ਤੋਂ ਇਲਾਵਾ ਦਿੱਲੀ-ਅੰਬਾਲਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖਰੀ ਐ ਪਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਹੈ।

### ਸ਼੍ਰੋਮਣੀ ਕਮੇਟੀ ਦੇ ਕਾਰਜ

ਸ਼੍ਰੋਮਣੀ ਕਮੇਟੀ ਦਾ ਮਕਸਦ ਗੁਰਦੁਆਰਿਆਂ ਦੀ ਸੰਵਾ ਸੰਭਾਲ ਤੇ ਧਰਮ ਪ੍ਰਚਾਰ ਕਰਨਾ ਹੈ। ਸਿੱਖ ਰਹਿਤ ਮਰਿਆਦਾ ਨੂੰ ਹਰ ਗੁਰਦੁਆਰਾ ਸਾਹਿਬ 'ਚ ਲਾਗੂ ਕਰਨ ਦਾ ਜਿੰਮਾ ਵੀ ਸ਼੍ਰੋਮਣੀ ਕਮੇਟੀ ਦਾ ਹੀ ਹੈ। ਸ਼੍ਰੋਮਣੀ ਕਮੇਟੀ 400 ਗੁਰਦੁਆਰਿਆਂ ਦਾ ਪ੍ਰਬੰਧ ਵੇਖ ਰਹੀ ਐ। ਸ਼੍ਰੋਮਣੀ ਕਮੇਟੀ ਦਾ ਵੱਖਰਾ ਵਿੰਗ ਧਰਮ ਪ੍ਰਚਾਰ ਕਮੇਟੀ ਵੀ ਹੈ ਜੋ ਧਰਮ ਪ੍ਰਚਾਰ ਦੀ ਸੇਵਾ ਨਿਭਾਉਂਦਾ ਹੈ। ਇਸ ਤੋਂ ਇਲਾਵਾ 70 ਵਿੱਦਿਅਕ ਅਦਾਰੇ, 2 ਯੂਨੀਵਰਸਿਟੀਆਂ, ਰਿਸਰਚ ਬੋਰਡ, 6 ਹਸਪਤਾਲ, 12 ਡਿਸਪੈਂਸਰੀਆਂ ਦਾ ਸੰਚਾਲਨ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਹੋ ਰਿਹਾ ਐ। ਇਸਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ 'ਚ ਰੋਜ਼ਾਨਾ ਲੱਖਾਂ ਸੰਗਤਾਂ ਲਈ ਲੰਗਰ ਦੀ ਸੇਵਾ ਵੀ ਸ਼੍ਰੋਮਣੀ ਕਮੇਟੀ ਦੀ ਨਿਗਰਾਨੀ ਹੇਠ ਚੱਲ ਰਹੀ ਹੈ।

### ਅਰਬਾਂ ਦਾ ਬਜਟ

ਸ਼੍ਰੋਮਣੀ ਕਮੇਟੀ ਦਾ ਹਰ ਸਾਲ ਅਰਬਾਂ ਰੁਪਏ ਦਾ ਬਜਟ ਹੁੰਦਾ ਹੈ। ਸਾਲ 2019-20 ਲਈ ਸ਼੍ਰੋਮਣੀ ਕਮੇਟੀ ਨੇ 12 ਅਰਬ 5 ਕਰੋੜ ਰੁਪਏ ਦਾ ਬਜਟ ਪਾਸ ਕੀਤਾ ਸੀ ਜਦਕਿ ਸਾਲ 2020-21 ਲਈ 9 ਅਰਬ 81 ਕਰੋੜ ਰੁਪਏ ਦਾ ਬਜਟ ਪਾਸ ਕੀਤਾ ਗਿਆ। ਕੋਰੋਨਾ ਮਹਾਂਮਾਰੀ ਕਰ ਕੇ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਨੇ ਘਾਟੇ ਦਾ ਬਜਟ ਪਾਸ ਕੀਤਾ।

# ਪ੍ਰਨੀਤ ਕੌਰ ਨੇ ਚੰਨੀ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ - ਸੰਸਦ ਮੈਂਬਰ ਅਤੇ ਸਾਬਕਾ ਮੰਤਰੀ ਪ੍ਰਨੀਤ ਕੌਰ ਨੇ ਅਚਨਚੇਤ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੁਲਾਕਾਤ ਕੀਤੀ ਜਿਸ ਤੋਂ ਨਵੇਂ ਸਿਆਸੀ ਚਰਚੇ ਛਿੜ ਗਏ ਹਨ। ਮੁਲਾਕਾਤ ਸਮੇਂ ਨਗਰ ਨਿਗਮ ਪਟਿਆਲਾ ਦੇ ਮੇਅਰ ਸੰਜੀਵ ਬਿੱਟੂ ਅਤੇ ਹੋਰ ਕੌਂਸਲਰ ਵੀ ਮੌਜੂਦ ਸਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕਾਂਗਰਸ ਤੋਂ ਅਸਤੀਫ਼ਾ ਦੇਣ ਮਗਰੋਂ ਸੰਸਦ ਮੈਂਬਰ ਪ੍ਰਨੀਤ ਕੌਰ ਦੀ ਮੁੱਖ ਮੰਤਰੀ ਚੰਨੀ ਨਾਲ ਹੋਈ ਇਸ ਮਿਲਣੀ ਦੇ ਸਿਆਸੀ ਮਾਅਨੇ ਕੱਢੇ ਜਾ ਰਹੇ ਹਨ। ਬੇਸ਼ੱਕ ਮਿਲਣੀ ਮਗਰੋਂ ਪ੍ਰਨੀਤ ਕੌਰ ਚੁੱਪ ਰਹੇ, ਪਰ ਉਨ੍ਹਾਂ ਦੀ ਚੁੱਪ ਕਈ ਸੰਕੇਤ ਦੇ ਗਈ।

ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫ਼ੇ ਮਗਰੋਂ ਨਗਰ ਨਿਗਮ ਪਟਿਆਲਾ ਦੇ ਮੇਅਰ ਸੰਜੀਵ ਬਿੱਟੂ ਨੂੰ ਅਹੁਦੇ ਤੋਂ ਤਬਦੀਲ ਕਰਨ ਦੀ ਮੁਹਿੰਮ ਚੱਲੀ ਹੋਈ ਹੈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਪਟਿਆਲਾ 'ਚ ਕੁੱਝ ਦਿਨ ਪਹਿਲਾਂ ਕੌਂਸਲਰਾਂ ਦੀ ਨਬਜ਼ ਟੋਹੀ ਸੀ, ਅਤੇ ਪੰਜਾਬ ਸਰਕਾਰ ਵਲੋਂ ਮੇਅਰ ਸੰਜੀਵ ਬਿੱਟੂ ਨੂੰ ਲਾਂਭੇ ਕੀਤੇ ਜਾਣ ਲਈ ਸਿਆਸੀ ਯਤਨ ਤੇਜ਼ ਕੀਤੇ ਗਏ ਸਨ। ਨਗਰ ਨਿਗਮ ਪਟਿਆਲਾ ਦੇ ਕੁੱਲ 60 ਕੌਂਸਲਰ ਹਨ ਜਿਨ੍ਹਾਂ 'ਚੋਂ 32 ਕੌਂਸਲਰ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਸੀਟ ਪਟਿਆਲਾ 'ਚੋਂ ਆਉਂਦੇ ਹਨ ਜਦੋਂਕਿ 26 ਕੌਂਸਲਰ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਦੇ ਹਲਕੇ ਨਾਲ ਸਬੰਧ ਰੱਖਦੇ ਹਨ ਅਤੇ ਦੋ ਕੌਂਸਲਰ ਸਨੌਰ ਹਲਕੇ 'ਚੋਂ ਹਨ।ਪਤਾ ਲੱਗਾ ਹੈ ਕਿ ਮੇਅਰ ਸੰਜੀਵ ਬਿੱਟੂ ਦੇ ਮਾਮਲੇ ਨੂੰ ਲੈ ਕੇ ਪ੍ਰਨੀਤ ਕੌਰ ਨੇ ਮੁੱਖ ਮੰਤਰੀ



ਨਾਲ ਮੁਲਾਕਾਤ ਕੀਤੀ ਹੈ। ਸਿਆਸੀ ਕਿਆਸ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ ਤੋਂ ਪ੍ਰਨੀਤ ਕੌਰ ਫ਼ਿਲਹਾਲ ਦੂਰੀ ਬਣਾ ਕੇ ਰੱਖ ਸਕਦੇ ਹਨ। ਪ੍ਰਨੀਤ ਕੌਰ ਨੇ ਮੁੱਖ ਮੰਤਰੀ ਨਾਲ ਸਿਆਸੀ ਗੁਫ਼ਤੁਗੂ ਜ਼ਰੂਰ ਕੀਤੀ ਹੋਵੇਗੀ। ਆਉਂਦੇ ਦਿਨਾਂ 'ਚ ਪੰਜਾਬ ਸਰਕਾਰ ਸੰਜੀਵ ਬਿੱਟੂ ਨੂੰ ਤਬਦੀਲ ਕਰਨ ਲਈ ਕੋਈ ਕੋਸ਼ਿਸ਼ ਕਰਦੀ ਹੈ ਜਾਂ ਨਹੀਂ, ਉਸ ਤੋਂ ਪ੍ਰਨੀਤ ਕੌਰ ਦੇ ਭਵਿੱਖ ਦੇ ਸਿਆਸੀ ਜੋੜ-ਤੋੜ ਦਾ ਵੀ ਪਤਾ ਲੱਗੇਗਾ। ਪ੍ਰਨੀਤ ਕੌਰ ਦੀ ਮੁੱਖ ਮੰਤਰੀ ਨਾਲ ਪਹਿਲੀ ਮੀਟਿੰਗ ਸੀ, ਅਤੇ ਉਸ ਦੀ ਧੀ ਪਟਿਆਲਾ ਸੀਟ ਤੋਂ ਅਗਲੀਆਂ ਚੋਣਾਂ ਲੜਨ ਦੀ ਤਿਆਰੀ 'ਚ ਹੈ। ਚਰਚੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਧੀ ਪਟਿਆਲਾ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਸਕਦੀ ਹੈ। ਕਾਂਗਰਸ ਇਸ ਮੌਕੇ ਨੂੰ ਸਿਆਸੀ ਦਾਅ ਵਜੋਂ ਵਰਤੇਗੀ।ਪਟਿਆਲਾ ਦੇ ਮੇਅਰ ਸੰਜੀਵ ਬਿੱਟੂ ਨੇ ਮੁੱਖ ਮੰਤਰੀ ਚੰਨੀ ਨਾਲ ਮੀਟਿੰਗ ਤੋਂ ਬਾਅਦ ਕਿਹਾ ਕਿ ਪਟਿਆਲਾ ਦੇ ਵਿਕਾਸ ਦੇ ਮੁੱਦਿਆਂ ਨੂੰ ਲੈ ਕੇ ਉਹ ਮੁੱਖ ਮੰਤਰੀ ਨੂੰ d w ਪ੍ਰਨੀਤ ਕੌਰ ਨਾਲ ਮਿਲੇ ਹਨ ਜਿਨ੍ਹਾਂ 'ਚ ਡੇਅਰੀਆਂ ਆਦਿ ਦਾ ਮੁੱਖ ਮੁੱਦਾ ਸੀ। ਉਨ੍ਹਾਂ ਕਿਹਾ ਕਿ ਇਸ ਮੌਕੇ ਕੋਈ ਸਿਆਸੀ ਚਰਚਾ ਨਹੀਂ ਹੋਈ ਅਤੇ ਨਾ ਹੀ ਮੇਅਰ ਦੇ ਅਹੁਦੇ ਬਾਰੇ ਕੋਈ ਗੱਲ ਚੱਲੀ ਹੈ। ਜਦੋਂ ਇਹ ਪੁੱਛਿਆ ਗਿਆ ਕਿ ਉਹ ਭਵਿੱਖ 'ਚ ਕਿਸ ਨਾਲ ਖੜ੍ਹਨਗੇ ਤਾਂ ਉਹ ਗੱਲ ਟਾਲ ਗਏ।

# ਸ਼ਿਕਾਇਤਾਂ ਲੈ ਕੇ ਆਉਣ ਵਾਲਿਆਂ ਲਈ ਚੰਨੀ ਨੇ ਸਰਕਾਰੀ ਨਿਵਾਸ 'ਤੇ ਲਵਾਇਆ ਲੰਗਰ

ਜਲੰਧਰ - ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹਰ ਰੋਜ ਨਵੇਂ-ਨਵੇਂ ਫ਼ੈਸਲੇ ਲੈਣ ਤੋਂ ਬਾਅਦ ਚਰਚਾ 'ਚ ਬਣੇ ਰਹਿੰਦੇ ਹਨ। ਹੁਣ ਉਨ੍ਹਾਂ ਨੇ ਇੱਕ ਹੋਰ ਮਹੱਤਵਪੂਰਨ ਕਦਮ ਆਪਣੇ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਨਿਵਾਸ ਦੇ ਬਾਹਰ ਚੁੱਕਿਆ ਹੈ। ਚੰਨੀ ਹਾਲਾਂਕਿ ਲੋਕਾਂ ਨਾਲ ਘੁਲੇ-ਮਿਲੇ ਰਹਿੰਦੇ ਹਨ, ਇਸ ਲਈ ਰੋਜ਼ਾਨਾ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਆਪਣੀਆਂ ਸ਼ਿਕਾਇਤਾਂ ਲੈ ਕੇ ਚੰਨੀ ਨਾਲ ਮੁਲਾਕਾਤ ਕਰਨ ਲਈ ਮੁੱਖ ਮੰਤਰੀ ਨਿਵਾਸ ਸਥਾਨ 'ਤੇ ਪਹੁੰਚ ਰਹੇ ਹਨ।



ਮੁੱਖ ਮੰਤਰੀ ਚੰਨੀ ਭਾਵੇਂ ਦਿਨ ਦੇ ਸਮੇਂ ਸਰਕਾਰੀ ਬੈਠਕਾਂ ਅਤੇ ਵੱਖ-ਵੱਖ ਜ਼ਿਲਿਆਂ ਦੇ ਦੌਰਿਆਂ 'ਤੇ ਰਹਿੰਦੇ ਹਨ, ਪਰ ਰਾਤ ਨੂੰ ਘਰ ਪੁੱਜਦਿਆਂ ਹੀ ਉਹ ਲੋਕਾਂ ਦੀਆਂ ਸ਼ਿਕਾਇਤਾਂ ਸੁਣਨੀਆਂ ਸ਼ੁਰੂ ਕਰ ਦਿੰਦੇ ਹਨ। ਹੁਣ ਕਿਉਂਕਿ ਠੰਡ ਦਾ ਮੌਸਮ ਆ ਗਿਆ ਹੈ, ਇਸ ਲਈ ਚੰਨੀ ਨੇ ਮੁੱਖ ਮੰਤਰੀ ਨਿਵਾਸ ਦੇ ਬਾਹਰ ਲੋਕਾਂ ਦੇ ਬੈਠਣ ਦਾ ਪ੍ਰਬੰਧ ਕਰਵਾ ਦਿੱਤਾ ਹੈ ਅਤੇ ਚਾਰੇ ਪਾਸੇ ਟੈਂਟ ਵੀ ਲਗਾ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਹੁਕਮ ਦਿੱਤੇ ਹਨ ਕਿ ਆਪਣੀਆਂ ਸ਼ਿਕਾਇਤਾਂ ਲੈ ਕੇ ਉਨ੍ਹਾਂ ਦੇ ਨਿਵਾਸ 'ਤੇ ਆਉਣ ਵਾਲਾ ਕੋਈ ਵੀ ਵਿਅਕਤੀ ਭੁੱਖਾ ਘਰ ਨਹੀਂ ਪਰਤਣਾ ਚਾਹੀਦਾ। ਇਸ ਦੀ ਸ਼ੁਰੂਆਤ ਮੁੱਖ ਮੰਤਰੀ ਨੇ ਖ਼ੁਦ ਕੀਤੀ ਅਤੇ ਆਪਣੇ ਹੱਥੀਂ ਉਨ੍ਹਾਂ ਨੂੰ ਭੋਜਨ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਨਿਵਾਸ 'ਤੇ ਆਉਣ ਵਾਲੇ ਵਿਅਕਤੀ ਲਈ ਪਾਣੀ ਅਤੇ ਭੋਜਨ ਦੀ ਪੂਰੀ ਵਿਵਸਥਾ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਬੀਤੀ ਰਾਤ ਖੁਦ ਜਿੱਥੇ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਰਹੇ ਸਨ, ਉੱਥੇ ਹੀ ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਪਹਿਲਾਂ ਉਹ ਭੋਜਨ ਕਰਨ। ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਉਨ੍ਹਾਂ ਦੇ ਘਰ ਆਉਂਦਾ ਹੈ, ਉਹ ਉਨ੍ਹਾਂ ਲਈ ਬੇਗਾਨਾ ਨਹੀਂ ਹੈ ਸਗੋਂ ਉਸ ਨੂੰ ਉਹ ਆਪਣੇ ਪਰਿਵਾਰ ਦਾ ਮੈਂਬਰ ਮੰਨਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਮੌਕੇ 'ਤੇ ਕੀਤਾ ਜਾਣਾ ਚਾਹੀਦਾ ਹੈ, ਇਸ ਲਈ ਉਨ੍ਹਾਂ ਨੇ ਦੇਰ ਰਾਤ ਵੀ ਆਪਣੇ ਨਾਲ ਅਧਿਕਾਰੀਆਂ ਨੂੰ ਰੱਖਣਾ ਸ਼ੁਰੂ ਕਰ ਦਿੱਤਾ ਹੈ ਜੋ ਲੋਕਾਂ ਦੇ ਮਸਲਿਆਂ ਦਾ ਮੌਕੇ 'ਤੇ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਮੌਕੇ ਆਪਣੀਆਂ ਸ਼ਿਕਾਇਤਾਂ ਲੈ ਕੇ ਆਈਆਂ ਕੁੱਝ ਬਜ਼ੁਰਗ ਔਰਤਾਂ ਨੇ ਚੰਨੀ ਨੂੰ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਉਹ ਮੁੜ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਦੀ ਵਾਗਡੋਰ ਸੰਭਾਲਣ। ਇਸੇ ਤਰ੍ਹਾਂ ਕੁੱਝ ਲੋਕਾਂ ਨੇ ਸੂਬੇ 'ਚ ਲੋਕਪ੍ਰਿਯ ਹੋ ਰਹੇ ਨਾਅਰੇ ਘਰ-ਘਰ ਤੋਂ ਆਈ ਗੱਲ, ਚੰਨੀ ਕਰਦਾ ਮਸਲੇ ਹੱਲ ਨੂੰ ਗੀਤਾਂ ਦਾ ਰੂਪ ਵੀ ਦਿੱਤਾ। ਮੁੱਖ ਮੰਤਰੀ ਨੇ ਸਾਰੇ ਲੋਕਾਂ ਦਾ ਹੌਸਲਾ ਵਧਾਇਆ ਅਤੇ ਕਿਹਾ ਕਿ ਕਾਂਗਰਸ ਸਰਕਾਰ ਉਨ੍ਹਾਂ ਦੀ ਆਪਣੀ ਸਰਕਾਰ ਹੈ ਅਤੇ ਉਨ੍ਹਾਂ ਦੇ ਸਾਰੇ ਮਸਲਿਆਂ ਦਾ ਹੱਲ ਸਰਕਾਰ ਵਲੋਂ ਕੀਤਾ ਜਾਵੇਗਾ।

# ਬਰਤਾਨੀਆ 'ਚ ਮਸ਼ਹੂਰ ਭਾਰਤਵੰਸ਼ੀ ਸ਼ੈੱਫ਼ ਦਾ ਦਿਹਾਂਤ

ਲੰਡਨ - ਮਸ਼ਹੂਰ ਬ੍ਰਿਟਿਸ਼ ਭਾਰਤਵੰਸ਼ੀ ਸ਼ੈਫ਼ ਗੁਰਪ੍ਰੀਤ ਬੈਂਸ ਦਾ ਦਿਹਾਂਤ ਹੋ ਗਿਆ। ਉਹ 43 ਸਾਲਾਂ ਦੇ ਸਨ। ਬੈਂਸ ਨੂੰ ਸੁਪਰ ਫੂਡ ਨਾਲ ਭਰੇ ਸਿਹਤਮੰਦ ਭੋਜਨ ਤਿਆਰ ਕਰਨ ਲਈ ਜਾਣਿਆ ਜਾਂਦਾ ਸੀ। ਲੰਡਨ 'ਚ ਰਹਿਣ ਵਾਲੇ ਬੈਂਸ ਨੂੰ ਦਿਲ ਦਾ ਦੌਰਾ ਪਿਆ ਸੀ। ਉਨ੍ਹਾਂ ਦੀ ਮਾਰਕੀਟਿੰਗ ਏਜੰਸੀ ਨੇ ਇੰਟਰਨੈੱਟ ਮੀਡੀਆ 'ਤੇ ਉਨ੍ਹਾਂ ਦੇ ਦਿਹਾਂਤ ਦੀ ਜਾਣਕਾਰੀ ਦਿੱਤੀ।

ਪਲਾਮੇਡਸ ਪੀਐਰ ਨੇ ਟਵੀਟ ਕੀਤਾ, "ਅਸੀਂ ਗੁਰਪ੍ਰੀਤ ਬੈਂਸ ਦੇ ਦੁੱਖਦ ਦਿਹਾਂਤ ਤੋਂ ਬੇਹੱਦ ਦੁੱਖੀ ਹਾਂ। ਉਹ ਕੌਮਾਂਤਰੀ ਬੈਸਟਸੈਲਿੰਗ ਲੇਖਕ, ਭਾਰਤੀ ਸੁਪਰ ਫੂਡਜ਼ ਦੀ ਅਗਵਾਈ ਕਰਨ ਵਾਲੇ ਅਤੇ ਦੁਨੀਆਂ 'ਚ ਸਭ ਤੋਂ ਸਿਹਤਮੰਦ ਭੋਜਨ ਬਣਾਉਣ ਲਈ ਜਾਣੇ ਜਾਂਦੇ ਸਨ। ਬੈਂਸ ਇੱਕ ਕਰੀਬੀ ਦੋਸਤ ਅਤੇ ਲੰਬੇ ਸਮੇਂ ਤੋਂ ਸਾਡੇ ਗਾਹਕ ਸਨ। ਸਾਡੀਆਂ ਡੂੰਘੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਤੇ ਦੋਸਤਾਂ ਨਾਲ ਹਨ।" ਬੈਂਸ ਵੈੱਜ ਸਨੈਕਸ ਦੇ ਸਹਿ-ਸੰਸਥਾਪਕ ਸਨ।

# 13 ਨੁਕਾਤੀ ਏਜੰਡੇ ਦੇ ਨਤੀਜੇ ਲੱਗੇ ਦਿਖਣ, ਅੰਮ੍ਰਿਤਸਰ ਤੋਂ ਹੀ ਵਿਧਾਨ ਸਭਾ ਚੋਣ ਲੜਾਂਗਾ - ਨਵਜੋਤ ਸਿੱਧੂ

ਚੰਡੀਗੜ੍ਹ - ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਮਗਰੋਂ ਉਨ੍ਹਾਂ (ਸਿੱਧੂ) ਦੇ 13 ਨੁਕਾਤੀ ਏਜੰਡੇ ਦੇ ਨਤੀਜੇ ਹਕੀਕੀ ਰੂਪ 'ਚ ਦਿਸਣ ਲੱਗੇ ਹਨ। ਉਨ੍ਹਾਂ ਕਿਹਾ ਕਿ ਕਰਜ਼ੇ ਦੀ ਪੰਡ ਹੇਠ ਦੱਬੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਨਾਲ ਜੁੜੇ ਮਿਸ਼ਨ ਦੇ ਇੱਛਿਤ ਨਤੀਜੇ ਮਿਲ ਰਹੇ ਹਨ। ਸਿੱਧੂ ਨੇ ਵਿਸ਼ੇਸ਼ ਗੱਲਬਾਤ ਦੌਰਾਨ ਸਾਫ਼ ਕਰ ਦਿੱਤਾ ਕਿ ਉਹ ਅੰਮ੍ਰਿਤਸਰ ਤੋਂ ਹੀ ਵਿਧਾਨ ਸਭਾ ਚੋਣ ਲੜਨਗੇ।




ਸਿੱਧੂ ਨੇ ਕਿਹਾ, "ਟਰਾਂਸਪੋਰਟ ਮਾਫ਼ੀਆ ਦੀ ਨਕੇਲ ਕੱਸਣੀ, ਬਿਜਲੀ ਖਰੀਦ ਸਮਝੌਤਿਆਂ (ww$) ਨੂੰ ਨਵਿਆਉਣ ਦਾ ਅਮਲ ਸ਼ੁਰੂ ਕਰਨਾ ਤੇ ਰੇਤੇ ਦੀਆਂ ਕੀਮਤਾਂ ਨੂੰ ਕੰਟਰੋਲ 'ਚ ਲਿਆਉਣ ਲਈ ਸਾਡੇ (ਸਰਕਾਰ) ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ, ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਲਈ ਚੁੱਕਿਆ ਸਾਡਾ ਪਹਿਲਾ ਕਦਮ ਹੈ।" ਸਿੱਧੂ ਨੇ ਇਸ਼ਾਰਾ ਕੀਤਾ ਕਿ ਉਨ੍ਹਾਂ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਰਮਿਆਨ ਹੁਣ ਸਭ ਕੁੱਝ ਚੰਗਾ ਹੈ ਅਤੇ ਦੋਵੇਂ ਆਗੂ 2022 ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਮਿਲ ਕੇ ਕੰਮ ਕਰਨਗੇ। ਉਨ੍ਹਾਂ ਕਿਹਾ, "ਪੰਜਾਬ 'ਚ ਇੱਕ ਵਾਰ ਫਿਰ ਕਾਂਗਰਸ ਦੀ ਸਰਕਾਰ ਬਣੇਗੀ ਤੇ ਕੋਈ ਵੀ ਤਾਕਤ (ਵਿਰੋਧੀ ਪਾਰਟੀਆਂ) ਇਸ ਨੂੰ ਰੋਕ ਨਹੀਂ ਸਕਦੀ। ਅਗਾਮੀ ਚੋਣਾਂ 'ਚ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਉਨ੍ਹਾਂ ਦੀ ਦਾਅਵੇਦਾਰੀ ਬਾਰੇ ਪੁੱਛੇ ਜਾਣ 'ਤੇ ਸਿੱਧੂ ਨੇ ਪਹਿਲਾਂ ਤਾਂ ਜਵਾਬ ਦੇਣ ਤੋਂ ਟਾਲਾ ਵੱਟਣਾ ਚਾਹਿਆ, ਪਰ ਫ਼ਿਰ ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪਾਰਟੀ ਹਾਈਕਮਾਂਡ ਨੇ ਲੈਣਾ ਹੈ।"

ਆਪਣੇ ਉੱਚ ਆਦਰਸ਼ਾਂ ਦੀ ਗੱਲ ਕਰਦਿਆਂ ਸਿੱਧੂ ਨੇ ਕਿਹਾ, "ਜੇਕਰ ਕੁੱਝ ਵੀ ਗ਼ਲਤ ਹੁੰਦਾ ਹੈ ਤਾਂ ਉਸ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਮੇਰੀ ਜ਼ਿੰਦਗੀ ਦਾ ਇੱਕੋ ਇੱਕ ਮਿਸ਼ਨ ਹੈ। ਮੈਂ ਹਮੇਸ਼ਾ ਇਹੀ ਕੀਤਾ ਹੈ ਅਤੇ ਅੱਗੋਂ ਵੀ ਇਹ ਜਾਰੀ ਰਹੇਗਾ। 2007 'ਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਪੰਜਾਬ ਸਰਕਾਰ ਸਿਰ 30, 000 ਕਰੋੜ ਰੁਪਏ ਕਰਜ਼ੇ ਦੀ ਪੰਡ ਸੀ। 2017 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਪੰਡ ਦਾ ਬੋਝ ਵੱਧ ਕੇ 1.82 ਲੱਖ ਕਰੋੜ ਰੁਪਏ ਹੋ ਗਿਆ ਤੇ ਅੱਜ ਇਹ ਕਰਜ਼ਾ 3 ਲੱਖ ਕਰੋੜ ਰੁਪਏ ਦੀ ਸਿਖਰ 'ਤੇ ਹੈ। ਇਸ ਪੰਡ ਦਾ ਬੋਝ ਕਿਸ ਨੂੰ ਝੱਲਣਾ ਪਏਗਾ? ਪੰਜਾਬ ਦੇ ਲੋਕਾਂ ਨੂੰ। ਸਾਨੂੰ ਇਹ ਰੋਕਣਾ ਹੋਵੇਗਾ। ਇੱਕ ਛੋਟੀ ਜਿਹੀ ਸ਼ੁਰੂਆਤ ਕੀਤੀ ਹੈ ਤੇ ਮੈਨੂੰ ਯਕੀਨ ਹੈ ਕਿ ਅਸੀਂ ਇਸ ਨੂੰ ਨਿਆਂਸੰਗਤ ਅੰਤ ਤਕ ਲੈ ਕੇ ਜਾਵਾਂਗੇ।" ਗੱਲਬਾਤ ਦੌਰਾਨ ਸਿੱਧੂ ਨੇ ਅਗਾਮੀ ਚੋਣ ਪਟਿਆਲਾ ਤੋਂ ਲੜਨ ਦੀਆਂ ਕਨਸੋਆਂ ਨੂੰ ਖ਼ਾਰਿਜ ਕਰ ਦਿੱਤਾ। ਸਿੱਧੂ ਨੇ ਕਿਹਾ, "ਮੈਂ ਅੰਮ੍ਰਿਤਸਰ ਤੋਂ ਇਲਾਵਾ ਹੋਰ ਕਿਤੋਂ ਚੋਣ ਨਹੀਂ ਲੜਾਂਗਾ। ਮੈਂ ਹਮੇਸ਼ਾ ਆਪਣੇ ਬੋਲਾਂ ਨੂੰ ਪੁਗਾਇਆ ਹੈ। ਮੈਂ ਸੀਟ ਬਦਲੀ ਨੂੰ ਉਦੋਂ ਵੀ ਸਵੀਕਾਰ ਨਹੀਂ ਸੀ ਕੀਤਾ ਜਦੋਂ ਸਾਬਕਾ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਨੂੰ ਸਾਲ 2014 'ਚ ਅੰਮ੍ਰਿਤਸਰ ਸੰਸਦੀ ਸੀਟ ਤੋਂ ਚੋਣ ਲੜਾਈ ਗਈ ਸੀ। ਉਦੋਂ ਮੈਨੂੰ ਰਾਜ ਸਭਾ ਸੀਟ ਦੇ ਨਾਲ ਹਰਿਆਣਾ, ਦਿੱਲੀ ਜਾਂ ਚੰਡੀਗੜ੍ਹ ਤੋਂ ਚੋਣ ਲੜਨ ਦੀ ਵੀ ਪੇਸ਼ਕਸ਼ ਹੋਈ ਸੀ।"

# ਕਿਸੇ ਪਾਰਟੀ ਨਾਲ ਜੁੜਨ ਦਾ ਅਜੇ ਕੋਈ ਫ਼ੈਸਲਾ ਨਹੀਂ ਲਿਆ - ਸੋਨੂੰ ਸੂਦ

ਮੋਗਾ - ਮਸ਼ਹੂਰ ਬੋਲੀਵੁੱਡ ਅਦਾਕਾਰ ਸੋਨੂੰ ਸੂਦ ਵਲੋਂ ਪ੍ਰੈੱਸ ਕਾਨਫ਼ਰੰਸ ਕੀਤੀ ਗਈ ਜਿਸ 'ਚ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਭੈਣ ਮਾਲਵਿਕਾ ਸੂਦ ਸਿਆਸਤ 'ਚ ਉਤਰਨਗੇ। ਇਸ ਮੌਕੇ ਸੋਨੂੰ ਸੂਦ ਦੀ ਭੈਣ ਨੇ ਮੋਗਾ ਤੋਂ ਚੋਣ ਲੜਨ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਹਾਲੇ ਤਕ ਸਪਸ਼ਟ ਨਹੀਂ ਕਿ ਉਨ੍ਹਾਂ ਦੀ ਭੈਣ ਕਿਹੜੀ ਪਾਰਟੀ 'ਚ ਸ਼ਾਮਿਲ ਹੋਵੇਗੀ।



ਪੱਤਰਕਾਰਾਂ ਵਲੋਂ ਸਿਆਸਤ 'ਚ ਸ਼ਾਮਿਲ ਹੋਣ ਦੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦੇ ਹੋਏ ਸੋਨੂੰ ਸੂਦ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਤਕ ਕਿਸੇ ਪਾਰਟੀ ਨਾਲ ਜੁੜਨ ਦਾ ਨਹੀਂ ਸੋਚਿਆ ਅਤੇ ਨਾ ਹੀ ਇਸ ਸਬੰਧੀ ਕੋਈ ਫ਼ੈਸਲਾ ਲਿਆ ਹੈ। ਰਾਜਨੀਤੀ 'ਚ ਆਉਣ ਦਾ ਉਨ੍ਹਾਂ ਨੇ ਆਪਣਾ ਅਜੇ ਮਨ ਨਹੀਂ ਬਣਾਇਆ। ਸੋਨੂੰ ਸੂਦ ਨੂੰ ਜਦੋਂ ਮੁੱਖ ਮੰਤਰੀ ਚੰਨੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਕੀਤੀ ਗਈ ਮੁਲਾਕਾਤ ਨੂੰ ਲੈ ਕੇ ਜਦੋਂ ਸਵਾਲ ਕੀਤੇ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਦੋਵੇਂ ਮੁੱਖ ਮੰਤਰੀ ਬਹੁਤ ਚੰਗੇ ਇਨਸਾਨ ਹਨ। ਸੋਨੂੰ ਸੂਦ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਚੰਨੀ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਬਹੁਤ ਚੰਗਾ ਲੱਗਾ।

ਸੋਨੂੰ ਸੂਦ ਨੇ ਕਿਹਾ ਕਿ ਇਹ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ। ਉਹ ਲੋਕਾਂ ਦੀ ਸਿਹਤ ਅਤੇ ਸਹੂਲਤਾਂ ਨੂੰ ਲੈ ਕੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰਨਗੇ। ਸੋਨੂੰ ਸੂਦ ਨੇ ਕਿਹਾ ਕਿ ਪੰਜਾਬ 'ਚ ਡੇਂਗੂ ਦਾ ਕਹਿਰ ਵੱਧ ਰਿਹਾ ਹੈ ਜਿਸ ਦਾ ਇਲਾਜ ਬਹੁਤ ਜ਼ਰੂਰੀ ਹੈ। ਜਿਨ੍ਹਾਂ ਲੋਕਾਂ ਕੋਲ ਡੇਂਗੂ ਦਾ ਇਲਾਜ ਕਰਵਾਉਣ ਲਈ ਪੈਸਾ ਨਹੀਂ, ਉਹ ਉਨ੍ਹਾਂ ਨੂੰ ਪੰਜ ਹਜ਼ਾਰ ਰੁਪਏ ਦੇਣਗੇ। ਸੋਨੂੰ ਸੂਦ ਨੇ ਕਿਹਾ ਕਿ ਨੇ ਕਿਹਾ ਕਿ ਅੱਜਕੱਲ ਡੈਲਸਿਸ ਦੀ ਸਮੱਸਿਆ ਬਹੁਤ ਜ਼ਿਆਦਾ ਹੋ ਰਹੀ ਹੈ। ਇਸ ਸਮੱਸਿਆ ਤੋਂ ਪੀੜਤ ਲੋਕਾਂ ਦਾ ਇਲਾਜ ਉਹ ਮੁਫ਼ਤ ਕਰਵਾਉਣਗੇ।

ਸੋਨੂੰ ਸੂਦ ਨੇ ਕਿਹਾ ਕਿ ਉਹ ਸਮਝਦੇ ਹਨ ਕਿ ਚੋਣ ਮਨੋਰਥ ਪੱਤਰ ਦੇ ਨਾਲ-ਨਾਲ ਇੱਕ ਐਗਰੀਮੈਂਟ ਹੋਣਾ ਚਾਹੀਦਾ ਹੈ। ਇਸ ਐਗਰੀਮੈਂਟ 'ਚ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਜੋ ਉਮੀਦਵਾਰ ਚੋਣ ਲੜ ਰਹੇ ਹਨ, ਉਨ੍ਹਾਂ ਨੇ ਜੋ ਵਾਅਦੇ ਕੀਤੇ ਹਨ, ਉਨ੍ਹਾਂ ਨੂੰ ਉਹ ਕਦੋਂ ਤਕ ਅਤੇ ਕਿਵੇਂ ਪੂਰੇ ਹੋਣਗੇ, ਬਾਰੇ ਦੱਸਣਾ ਚਾਹੀਦਾ ਹੈ। ਕਿਸੇ ਵੀ ਪਾਰਟੀ 'ਚ ਸ਼ਾਮਿਲ ਹੋਣ ਦਾ ਸਵਾਲ ਕਰਦੇ ਹੋਏ ਸੋਨੂੰ ਸੂਦ ਨੇ ਕਿਹਾ ਕਿ ਪਾਰਟੀਆਂ ਜ਼ਿਆਦਾ ਅਹਿਮ ਨਹੀਂ ਹੁੰਦੀਆਂ ਸਗੋਂ ਲੋਕ ਅਹਿਮ ਹੁੰਦੇ ਹਨ ਜੋ ਫ਼ੈਸਲਾ ਕਰਦੇ ਹਨ। ਇਸ ਦੇ ਨਾਲ ਹੀ ਸੋਨੂੰ ਸੂਦ ਨੇ ਕਿਹਾ ਕਿ ਅਸੀਂ ਸਥਾਨਕ ਉਮੀਦਵਾਰਾਂ ਦੀ ਹਮਾਇਤ ਕਰਾਂਗੇ, ਉਨ੍ਹਾਂ ਦਾ ਵਿਰੋਧ ਨਹੀਂ ਕਰ ਸਕਦੇ।

# ਅਫ਼ਗਾਨ ਸਿੱਖਾਂ-ਹਿੰਦੂਆਂ ਨੂੰ ਜਲਦੀ ਮਿਲੇਗੀ ਭਾਰਤੀ ਨਾਗਰਿਕਤਾ - ਲਾਲਪੁਰਾ

ਲੁਧਿਆਣਾ - ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਭਾਰਤ 'ਚ ਸ਼ਰਨ ਲੈਣ ਵਾਲੇ ਅਫ਼ਗਾਨ ਸਿੱਖਾਂ ਅਤੇ ਹਿੰਦੂਆਂ ਨੂੰ ਸੀਏਏ ਦੇ ਲਾਗੂ ਹੋਣ ਦੀ ਉਡੀਕ ਕੀਤੇ ਬਿਨਾਂ ਭਾਰਤੀ ਨਾਗਰਿਕਤਾ ਮਿਲੇਗੀ। ਉਨ੍ਹਾਂ ਸਮਾਜ ਸੇਵੀ ਅਤੇ ਕਾਰੋਬਾਰੀ ਹਰਜਿੰਦਰ ਸਿੰਘ ਕੁਕਰੇਜਾ ਨਾਲ ਮੁਲਾਕਾਤ ਦੌਰਾਨ ਇਹ ਭਰੋਸਾ ਦਿੱਤਾ ਕਿ ਕਮਿਸ਼ਨ ਕਿਸੇ ਵੀ ਭਾਰਤੀ ਦੇ ਮਨ 'ਚ ਬੇਗਾਨਗੀ ਦੀ ਭਾਵਨਾ ਪੈਦਾ ਨਹੀਂ ਹੋਣ ਦੇਵੇਗਾ।



ਲਾਲਪੁਰਾ ਨੇ ਦੱਸਿਆ ਕਿ ਕਮਿਸ਼ਨ ਵਲੋਂ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੂੰ ਸ਼ਿਲੌਂਗ ਤੋਂ ਗ਼ਰੀਬ ਸਿੱਖਾਂ ਨੂੰ ਹਟਾਉਣ ਖ਼ਿਲਾਫ਼ ਵੀ ਲਿਖਿਆ ਹੈ ਜਿੱਥੇ ਉਹ ਦੋ ਸਦੀਆਂ ਤੋਂ ਰਹਿ ਰਹੇ ਹਨ। ਦਿੱਲੀ ਦੇ ਲੋਧੀ ਰੋਡ ਸਥਿਤ ਐਨਸੀਐਮ ਦਫ਼ਤਰ 'ਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ ਸਮੇਂ ਕੁਕਰੇਜਾ ਦੀ ਪਤਨੀ ਹਰਕੀਰਤ ਕੌਰ ਕੁਕਰੇਜਾ ਵੀ ਹਾਜ਼ਰ ਸੀ।


Nlight
Solid like a Rock
Looking to Buy/Sell ?
We know the difference between Home & House
Honesty, Integrity & Experience
Specializing in Investment & Income Producing Real Estate
Nlight Real Estate
Tel:516 NLIGHT4
MLS
Since 2007
Sharanjit Singh Thind
Real Estate Broker/Notary Public
180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਨੌਜਵਾਨ ਪੀੜ੍ਹੀ ਦੀ ਬਣਦੀ ਤੇ ਵਿਗੜਦੀ ਸੂਰਤ ਤੇ ਸੀਰਤ

ਕਿਸੇ ਵੀ ਦੇਸ਼ ਤੇ ਸਮਾਜ ਨੂੰ ਬਣਾਉਣ ਜਾਂ ਵਿਗਾੜਣ ’ਚ ਉਸ ਦੇਸ਼ ਦੀ ਨੌਜਵਾਨ ਪੀੜ੍ਹੀ ਦੀ ਮੁੱਖ ਭੂਮਿਕਾ ਹੁੰਦੀ ਹੈ। ਨੌਜਵਾਨ ਪੀੜ੍ਹੀ ’ਚ ਨਾ ਸਿਰਫ ਜੋਸ਼ ਤੇ ਉਤਸ਼ਾਹ ਹੁੰਦਾ ਹੈ ਸਗੋਂ ਉਸ ’ਚ ਨਵੇਂ ਵਿਚਾਰਾਂ ਦੀ ਸਿਰਜਨਾਤਮਕ ਤੇ ਤਬਦੀਲੀ ਲਿਆਉਣ ਵਾਲੀ ਮੁਹਾਰਤ ਵੀ ਹੁੰਦੀ ਹੈ। ਉਹ ਕੁਝ ਕਰਨਾ ਚਾਹੁੰਦੇ ਹਨ ਤੇ ਜੇਕਰ ਨੌਜਵਾਨ ਆਪਣੇ ਮਨ ’ਚ ਕੁਝ ਕਰਨ ਦੀ ਧਾਰ ਲਵੇ ਤਾਂ ਉਸ ਲਈ ਕੁਝ ਵੀ ਅਸੰਭਵ ਨਹੀਂ ਹੈ। ਸਾਡੇ ਦੇਸ਼ ਦੀ ਕੁਲ ਆਬਾਦੀ ਦਾ 65 ਫੀਸਦੀ ਨੌਜਵਾਨ ਹਨ ਜੋ 35 ਸਾਲ ਦੀ ਉਮਰ ਤੋਂ ਘੱਟ ਹਨ।

ਸਾਡੇ ਮਿਹਨਤੀ ਅਤੇ ਹੋਣਹਾਰ ਨੌਜਵਾਨਾਂ ਨੂੰ ਜੇਕਰ ਸਹੀ ਦਿਸ਼ਾ ਦਿੱਤੀ ਜਾਵੇ ਤਾਂ ਇਹ ਭਾਰਤ ਨੂੰ ਹਰ ਖੇਤਰ ’ਚ ਮੋਹਰੀ ਬਣਾ ਸਕਦੇ ਹਨ। ਭਾਰਤ ਦੀ ਨੌਜਵਾਨ ਸ਼ਕਤੀ ਉੱਦਮਸ਼ੀਲ ਤੇ ਉਤਸ਼ਾਹੀ ਹੈ ਅਤੇ ਹਰ ਖੇਤਰ ’ਚ ਆਪਣਾ ਮਹੱਤਵਪੂਰਨ ਯੋਗਦਾਨ ਦੇ ਰਹੀ ਹੈ। ਨੌਜਵਾਨ ਵਰਗ ਤਾਂ ਕੱਲ ਦੀ ਆਸ ਹੁੰਦੇ ਹਨ ਅਤੇ ਉਨ੍ਹਾਂ ਤੋਂ ਬਹੁਤ ਸਾਰੀਆਂ ਆਸਾਂ ਹੁੰਦੀਆਂ ਹਨ। ਅੱਜ ਜੇਕਰ ਕੋਈ ਕਮੀ ਹੈ ਤਾਂ ਉਹ ਉਨ੍ਹਾਂ ਨੂੰ ਸਹੀ ਸਮੇਂ ’ਤੇ ਮਾਰਗਦਰਸ਼ਨ ਦੇਣ ਦੀ ਹੈ ਜਿਸ ਦੇ ਲਈ ਉਨ੍ਹਾਂ ਦੇ ਮਾਤਾ-ਪਿਤਾ, ਗੁਰੂਆਂ ਤੇ ਪੂਰਨ ਸਮਾਜ ਦੀ ਜ਼ਿੰਮੇਵਾਰੀ ਸਭ ਤੋਂ ਉਪਰ ਹੈ। ਜਿਸ ਤਰ੍ਹਾਂ ਸਵਾਮੀ ਵਿਵੇਕਾਨੰਦ ਨੇ ਹਮੇਸ਼ਾ ਦੇਸ਼ ਦੇ ਨੌਜਵਾਨਾਂ ਨੂੰ ਅਗੇ ਵਧਣ ਦੀ ਪ੍ਰੇਰਨਾ ਦਿੱਤੀ, ਉਸੇ ਤਰ੍ਹਾਂ ਹਰ ਬੁੱਧੀਜੀਵੀ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਉਚ ਚਰਿੱਤਰ ਦੀ ਨਿੱਜੀ ਉਦਾਹਰਣ ਨਾਲ ਨੌਜਵਾਨਾਂ ਲਈ ਇਕ ਰੋਲ ਮਾਡਲ ਦਾ ਕੰਮ ਕਰਨ।



ਅੱਜ ਦੇ ਡਿਜੀਟਲ ਯੁੱਗ ’ਚ ਨੌਜਵਾਨ ਵਰਗ ਇਕ ਬਹੁਤ ਵੱਡੀ ਜ਼ਿੰਮਵਾਰੀ ਨਿਭਾਅ ਸਕਦਾ ਹੈ ਪਰ ਉਹ ਕਿਤੇ ਭਟਕਦਾ ਹੋਇਆ ਜ਼ਰੂਰ ਨਜ਼ਰ ਆਉਂਦਾ ਹੈ, ਜਦੋਂ ਉਹ ਸੋਸ਼ਲ ਮੀਡੀਆ ਦੀ ਗਲਤ ਵਰਤੋਂ ਕਰ ਕੇ ਨਾਂਹਪੱਖੀ ਸੋਚ ਨੂੰ ਜਨਮ ਦੇਣ ਲੱਗਦਾ ਹੈ। ਡਿਜੀਟਲ ਮੀਡੀਆ ਰਾਹੀਂ ਉਹ ਪਤਾ ਨਹੀਂ ਕਿਹੜਾ-ਕਿਹੜਾ ਜ਼ੁਲਮ ਕਰ ਬੈਠਦਾ ਹੈ ਅਤੇ ਆਪਣੀ ਸਾਰੀ ਊਰਜਾ ਨੂੰ ਪਾਣੀ ਵਾਂਗ ਰੋੜ੍ਹ ਕੇ ਆਪਣੀ ਜ਼ਿੰਦਗੀ ਤਬਾਹ ਕਰ ਬੈਠਦਾ ਹੈ। ਇੰਟਰਨੈੱਟ ’ਤੇ ਪਤਾ ਨਹੀਂ ਉਹ ਕੀ-ਕੀ ਦੇਖਦੇ ਹਨ ਅਤੇ ਆਪਣਾ ਵਿਵਹਾਰ ਮਜਨੂੰਆਂ ਵਾਂਗ ਕਰਨ ਲੱਗ ਪੈਂਦੇ ਹਨ।

ਅੱਜ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਨੌਜਵਾਨ ਵਰਗ ਵਿਦੇਸ਼ਾਂ ’ਚ ਜਾਣਾ ਵੱਧ ਪਸੰਦ ਕਰਦੇ ਹਨ ਕਿਉਂਕਿ ਉੱਥੇ ਉਨ੍ਹਾਂ ਨੂੰ ਨੌਕਰੀ ਸੌਖੀ ਮਿਲ ਜਾਂਦੀ ਹੈ ਪਰ ਉਨ੍ਹਾਂ ਨੇ ਸ਼ਾਇਦ ਇਹ ਕਦੀ ਨਹੀਂ ਸੋਚਿਆ ਕਿ ਉਨ੍ਹਾਂ ਦੇ ਮਾਂ-ਬਾਪ ਜਿਨ੍ਹਾਂ ਨੇ ਉਨ੍ਹਾਂ ਨੂੰ ਜਨਮ ਦਿੱਤਾ, ਉਨ੍ਹਾਂ ਨੂੰ ਦੇਖਣ ਲਈ ਪਿੱਛੇ ਕੋਈ ਨਹੀਂ ਹੈ। ਦੂਸਰੇ ਦੇਸ਼, ਭਾਰਤੀ ਨੌਜਵਾਨਾਂ ਨੂੰ ਇਸ ਲਈ ਵੱਧ ਤਨਖਾਹ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਭਾਰਤੀ ਨੌਜਵਾਨ ਮਿਹਨਤੀ ਹੁੰਦੇ ਹਨ ਅਤੇ ਸਸਤੇ ’ਚ ਹੀ ਮਿਲ ਜਾਂਦੇ ਹਨ। ਅਜਿਹੇ ਨੌਜਵਾਨਾਂ ਦਾ ਆਪਣੇ ਦੇਸ਼ ਦੇ ਵਿਕਾਸ ਲਈ ਕੋਈ ਵਿਸ਼ੇਸ਼ ਯੋਗਦਾਨ ਨਹੀਂ ਹੁੰਦਾ ਅਤੇ ਉਹ ਅਕਸਰ ਵਿਦੇਸ਼ੀ ਬਣ ਕੇ ਹੀ ਰਹਿ ਜਾਂਦੇ ਹਨ।

ਦਿਸ਼ਾਹੀਣ ਨੌਜਵਾਨ ਕਈ ਗਲਤ ਆਦਤਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਹ ਅਕਸਰ ਆਪਣੇ ਰਾਹ ਤੋਂ ਭਟਕ ਜਾਂਦੇ ਹਨ।

ਨੌਜਵਾਨਾਂ ਦੀ ਸੂਰਤ ਤੇ ਸੀਰਤ, ਦਸ਼ਾ ਤੇ ਦਿਸ਼ਾ ਬਦਲਣ ਲਈ ਕੁਝ ਸੁਝਾਅ ਦਿੱਤੇ ਜਾ ਰਹੇ ਹਨ ਜਿਨ੍ਹਾਂ ਦਾ ਵੇਰਵਾਂ ਇਸ ਤਰ੍ਹਾਂ ਹੈ-

1. ਨੌਜਵਾਨਾਂ ਨੂੰ ਸ਼੍ਰੀ ਕ੍ਰਿਸ਼ਨ ਜੀ ਦੀਆਂ ਇਨ੍ਹਾਂ ਤਿੰਨ ਗੱਲਾਂ ’ਤੇ ਧਿਆਨ ਦੇਣਾ ਚਾਹੀਦਾ ਹੈ। (ਕ) ਵੱਡਿਆਂ ਨੂੰ ਪ੍ਰਣਾਮ ਅਤੇ ਉਨ੍ਹਾਂ ਦਾ ਆਸ਼ੀਰਵਾਦ ਹਾਸਲ ਕਰਨਾ, (ਖ) ਹੰਕਾਰ ਤੇ ਹਉਮੇ ਦਾ ਤਿਆਗ ਤੇ (ਗ) ਜ਼ਿੰਦਗੀ ’ਚ ਸਖਤ ਮਿਹਨਤ ਕਰਨੀ। ਉਨ੍ਹਾਂ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਇਕ ਸਖਤ ਪੱਥਰ ਹਥੌੜੇ ਦੀ ਆਖਰੀ ਸੱਟ ਨਾਲ ਹੀ ਟੁੱਟਦਾ ਹੈ ਅਤੇ ਉਨ੍ਹਾਂ ਨੂੰ ਲਗਾਤਾਰ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ।

ਥਾਮਸ ਐਡੀਸ਼ਨ ਨੇ ਬਿਜਲੀ ਬੱਲਬ ਦੀ ਖੋਜ 700 ਵਾਰ ਕੋਸ਼ਿਸ਼ ਕਰਨ ਦੇ ਬਾਅਦ ਹੀ ਕੀਤੀ ਸੀ ਅਤੇ ਇਨ੍ਹਾਂ ਨੂੰ ਉਸੇ ਤਰ੍ਹਾਂ ਆਪਣੇ ਟੀਚੇ ਨੂੰ ਹਾਸਲ ਕਰਨ ਲਈ ਲਗਾਤਾਰ ਯਤਨਸ਼ੀਲ ਰਹਿਣਾ ਚਾਹੀਦਾ ਹੈ।

2. ਬੁਰੀ ਸੰਗਤ ਨੂੰ ਤਿਆਗ ਕੇ ਚੰਗੀ ਸੰਗਤ ਦਾ ਸਾਥ ਦੇਣਾ ਚਾਹੀਦਾ ਹੈ। ਯਾਦ ਰੱਖੋ ਕਿ ਜੇਕਰ ਲੋਹੇ ਨੂੰ ਖੁੱਲ੍ਹੀ ਹਵਾ ’ਚ ਬਾਹਰ ਰੱਖ ਦਿੱਤਾ ਜਾਵੇ ਤਾਂ ਉਸ ਨੂੰ ਜ਼ੰਗਾਲ ਲੱਗ ਜਾਂਦਾ ਹੈ ਪਰ ਉਸੇ ਲੋਹੇ ਨੂੰ ਜੇਕਰ ਅੱਗ ’ਚੋਂ ਲੰਘਾਇਆ ਜਾਵੇ ਤਾਂ ਉਹ ਇਕ ਬੜੀ ਕੀਮਤੀ ਸਟੀਲ ਦਾ ਰੂਪ ਧਾਰਨ ਕਰ ਲੈਂਦਾ ਹੈ। ਉਨ੍ਹਾਂ ਨੂੰ ਆਪਣਾ ਟੀਚਾ ਬਣਾਉਣਾ ਚਾਹੀਦਾ ਹੈ ਅਤੇ ਬਿਨਾਂ ਟੀਚੇ ਦੇ ਉਨ੍ਹਾਂ ਦੀ ਮਿਹਨਤ ਉਸੇ ਤਰ੍ਹਾਂ ਬੇਕਾਰ ਜਾਵੇਗੀ ਜਿਵੇਂ ਕਿ ਪਾਣੀ ਦੀ ਭਾਲ ’ਚ ਇਕ ਹੀ ਥਾਂ ਡੂੰਘਾ ਖੂਹ ਨਾ ਪੁੱਟ ਕੇ ਥਾਂ-ਥਾਂ ਖਾਈਆਂ ਪੁੱਟਣ ਨਾਲ ਕੁਝ ਵੀ ਹਾਸਲ ਨਹੀਂ ਹੁੰਦਾ।

3. ਆਪਣੀ ਆਤਮਾ ਦਾ ਵਿਸ਼ਲੇਸ਼ਣ ਤੇ ਸਵੈ-ਪੜਚੋਲ ਕਰਨ ਅਤੇ ਆਪਣੀ ਹੋਂਦ ਤੇ ਸਮਰੱਥਾ ਦੀ ਪਛਾਣ ਕਰਨ। ਤੁਹਾਡੇ ’ਚ ਪਰਮਾਤਮਾ ਦੀਆਂ ਦਿੱਤੀਆਂ ਹੋਈਆਂ ਸਾਰੀਆਂ ਸ਼ਕਤੀਆਂ ਬਿਰਾਜਮਾਨ ਹਨ ਪਰ ਤੁਸੀਂ ਕਸਤੂਰੀ ਮਿਰਗ ਵਾਂਗ ਕਸਤੂਰੀ ਦੀ ਭਾਲ ਥਾਂ-ਥਾਂ ਕਰ ਰਹੇ ਹੋ ਅਤੇ ਆਪਣੀ ਨਾਭੀ ਵੱਲ ਧਿਆਨ ਨਹੀਂ ਦੇ ਰਹੇ ਅਤੇ ਇੱਥੇ ਇਹ ਕਸਤੂਰੀ ਪਹਿਲਾਂ ਤੋਂ ਹੀ ਮੁਹੱਈਆ ਹੈ। 4. ਸਮੇਂ ਨੂੰ ਵਿਅਰਥ ਨਾ ਗਵਾਓ ਅਤੇ ਸਮੇਂ ਦੇ ਪ੍ਰਬੰਧਨ ਦੀ ਕਲਾ ਨੂੰ ਸਿੱਖੋ। ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ ਅਤੇ ਅੱਗੇ ਨਿਕਲਦਾ ਹੀ ਚਲਾ ਜਾਂਦਾ ਹੈ ਅਤੇ ਧਿਆਨ ਰੱਖੋ ਕਿ ਇਕ ਵਾਰ ਵਗਦੇ ਹੋਏ ਨਦੀ ਦੇ ਪਾਣੀ ਨੂੰ ਦੁਬਾਰਾ ਛੂਹਿਆ ਨਹੀਂ ਜਾ ਸਕਦਾ।

5. ਆਪਣੇ ਸਵੈ-ਵਿਸ਼ਵਾਸ ਨੂੰ ਬਣਾਈ ਰੱਖੋ ਕਿਉਂਕਿ ਜ਼ਿੰਦਗੀ ’ਚ ਬਹੁਤ ਸਾਰੀਆਂ ਅਸਫਲਤਾਵਾਂ ਦਾ ਤੁਹਾਨੂੰ ਸਾਹਮਣਾ ਕਰਨਾ ਪਵੇਗਾ।

6. ਜ਼ਿੰਦਗੀ ’ਚ ਚਾਰ ਵੱਡੇ ਸੁਖ ਹੁੰਦੇ ਹਨ ਜਿਨ੍ਹਾਂ ’ਚ ਪਤਨੀ, ਪਰਿਵਾਰ, ਮਿੱਤਰ, ਧਨ-ਦੌਲਤ ਅਤੇ ਸਿਹਤ ਦਾ ਸੁੱਖ ਮੁੱਖ ਤੌਰ ’ਤੇ ਪਾਏ ਜਾਂਦੇ ਹਨ। ਚੰਗੀ ਸਿਹਤ ਦਾ ਹੋਣਾ ਸਭ ਤੋਂ ਵੱਡਾ ਸੁੱਖ ਮੰਨਿਆ ਗਿਆ ਹੈ ਅਤੇ ਆਪਣੇ ਆਪ ਨੂੰ ਮਾਨਸਿਕ ਤੇ ਸਰੀਰਕ ਤੌਰ ’ਤੇ ਤੰਦਰੁਸਤ ਰੱਖੋ ਕਿਉਂਕਿ ਜੇਕਰ ਸਿਹਤ ਨਹੀਂ ਹੈ ਤਾਂ ਬਾਕੀ ਸੁੱਖਾਂ ਦਾ ਭੋਗ ਤੁਸੀਂ ਨਹੀਂ ਕਰ ਸਕੋਗੇ।

7. ਸਾਦਗੀ ਅਤੇ ਨਿਮਰਤਾ ਬਣਾਈ ਰੱਖੋ ਅਤੇ ਜ਼ਮੀਨ ਨਾਲੋਂ ਨਾਤਾ ਨਾ ਤੋੜੋ, ਨਹੀਂ ਤਾਂ ਉੱਡਦੀ ਪਤੰਗ ਵਾਂਗ ਤੁਹਾਡੀ ਡੋਰ ਕਦੀ ਵੀ ਕੱਟ ਸਕਦੀ ਹੈ। ਜੇਕਰ ਤੁਸੀਂ ਫਲ ਚਾਹੁੰਦੇ ਹੋ ਤਾਂ ਕੰਡਿਆਂ ਦਾ ਸਾਹਮਣਾ ਕਰਨਾ ਹੀ ਪਵੇਗਾ। ਜੋ ਲੋਕ ਸਫਰ ਦੀ ਸ਼ੁਰੂਆਤ ਕਰਦੇ ਹਨ ਸਿਰਫ ਉਹ ਹੀ ਆਪਣੀ ਮੰਜ਼ਿਲ ਨੂੰ ਪਾ ਕਰ ਸਕਦੇ ਹਨ। ਹਾਰ ਦੇ ਬਾਅਦ ਜਿੱਤ ਉਸੇ ਤਰ੍ਹਾਂ ਹੁੰਦੀ ਹੈ ਜਿਵੇਂ ਕਿ ਹਨੇਰੇ ਦੇ ਬਾਅਦ ਉਜਾਲਾ ਹੁੰਦਾ ਹੈ।

8. ਆਪਣੇ ਮਾਤਾ-ਪਿਤਾ ਤੇ ਗੁਰੂਆਂ ਦਾ ਆਦਰ-ਸਤਿਕਾਰ ਕਰੋ। ਤੁਹਾਡੇ ਮਾਂ-ਬਾਪ ਤਾਂ ਉਹ ਬਹਾਰ ਹਨ ਜਿਸ ’ਤੇ ਇਕ ਵਾਰ ਫਿਜ਼ਾ ਆ ਜਾਵੇ ਤਾਂ ਦੁਬਾਰਾ ਬਹਾਰ ਨਹੀਂ ਆਉਂਦੀ। ਯਾਦ ਰੱਖੋ ਕਿ ਮਾਤਾ-ਪਿਤਾ ਦੇ ਚਲੇ ਜਾਣ ਦੇ ਬਾਅਦ ਤਾਂ ਦੁਨੀਆ ਹਨੇਰੀ ਲੱਗਦੀ ਹੈ।

ਇਹ ਅਜਿਹੇ ਪੰਛੀ ਹਨ ਜੋ ਉੱਡ ਜਾਣ ਦੇ ਬਾਅਦ ਵਾਪਸ ਨਹੀਂ ਆਉਂਦੇ। ਸਹਾਰਾ ਦੇਣ ਵਾਲੇ ਜਦੋਂ ਖੁਦ ਸਹਾਰਾ ਲੱਭ ਰਹੇ ਹੋਣ ਅਤੇ ਇਸੇ ਤਰ੍ਹਾਂ ਬੋਲਣਾ ਸਿਖਾਉਣ ਵਾਲੇ ਜਦੋਂ ਖੁਦ ਖਾਮੋਸ਼ ਹੋ ਜਾਂਦੇ ਹਨ ਤਾਂ ਆਵਾਜ਼ ਅਤੇ ਅਲਫਾਜ਼ ਬੇਮਾਇਨੇ ਹੋ ਜਾਂਦੇ ਹਨ। ਇਸ ਲਈ ਹਮੇਸ਼ਾ ਆਪਣੇ ਮਾਤਾ-ਪਿਤਾ ਦੇ ਕਰਜ਼ੇ ਨੂੰ ਮੋੜਨ ਲਈ ਕਦੇ ਨਾ ਭੁੱਲੋ।

# ਜਬਰ-ਜ਼ਨਾਹ ਦੀਆਂ ਘਟਨਾਵਾਂ ਨਾਲ ਦੇਸ਼ ’ਚ ਹੋ ਰਹੀ ਭਾਰੀ ਬਦਨਾਮੀ

ਸਰਕਾਰ ਵਲੋਂ ਅਪਰਾਧਾਂ ਕਮੀ ਲਿਆਉਣ ਦੇ ਦਾਅਵਿਆਂ ਦੇ ਬਾਵਜੂਦ ਇਹ ਲਗਾਤਾਰ ਜਾਰੀ ਹਨ। ਅਪਰਾਧੀ ਇਸ ਕਦਰ ਬੇਖੌਫ ਹੋ ਚੁੱਕੇ ਹਨ ਕਿ ਹੁਣ ਤਾਂ ਬੱਚੀਆਂ ਅਤੇ ਬਜ਼ੁਰਗਾਂ ਤਕ ਸੁਰੱਖਿਅਤ ਨਹੀਂ ਹਨ। ਸਥਿਤੀ ਕਿੰਨੀ ਚਿੰਤਾਜਨਕ ਹੋ ਚੁੱਕੀ ਹੈ ਕਿ ਇਸੇ ਮਹੀਨੇ ਦੇ ਸਿਰਫ 7 ਦਿਨਾਂ ਦੀ ਹੇਠ ਲਿਖਿਆਂ ਘਟਨਾਵਾਂ ਤੋਂ ਸਪਸ਼ਟ ਹੈ :

* 9 ਨਵੰਬਰ ਨੂੰ ਠਾਣੇ ਜ਼ਿਲੇ ਦੇ ਇਕ ਪਿੰਡ ’ਚ ਨਾਬਾਲਿਗਾ ਨਾਲ ਜਬਰ-ਜ਼ਨਾਹ ਕਰਨ ਅਤੇ ਰੌਲਾ ਪਾਉਣ ’ਤੇ ਉਸਨੂੰ ਬੁਰੀ ਤਰ੍ਹਾਂ ਕੁੱਟਣ ਦੇ ਦੋਸ਼ ’ਚ ਇਕ ਨੌਜਵਾਨ ਨੂੰ ਫੜਿਆ ਗਿਆ।

* 12 ਨਵੰਬਰ ਨੂੰ ਸੂਰਤ ਦੀ ਇਕ ਅਦਾਲਤ ਨੇ ਬੱਚੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ੀ ਅਜੇ ਨਿਸ਼ਾਦ ਨੂੰ ਪੀੜਤਾ ਨੂੰ 15 ਲੱਖ ਰੁਪਏ ਮੁਆਵਜ਼ਾ ਦੇਣ ਦੇ ਹੁਕਮ ਦੇ ਇਲਾਵਾ ਜ਼ਿੰਦਾ ਰਹਿਣ ਤਕ ਜੇਲ ’ਚ ਰਹਿਣ ਦੀ ਸਜ਼ਾ ਸੁਣਾਈ।

* 12 ਨਵੰਬਰ ਨੂੰ ਉਜੈਨ ਦੇ ਇਕ ਪਿੰਡ ’ਚ ਮੁਟਿਆਰ ਨੂੰ 16 ਮਹੀਨਿਆਂ ਤਕ ਬੰਧਕ ਬਣਾ ਕੇ ਉਸ ਨਾਲ ਜਬਰ-ਜ਼ਨਾਹ ਕਰ ਕੇ ਗਰਭਵਤੀ ਕਰਨ ਦੇ ਦੋਸ਼ ’ਚ ਰਾਜਪਾਲ ਸਿੰਘ ਨਾਮਕ ਵਿਅਕਤੀ ਅਤੇ ਇਸ ਅਪਰਾਧ ’ਚ ਉਸਦਾ ਸਹਿਯੋਗ ਕਰਨ ਦੇ ਦੋਸ਼ ’ਚ ਉਸਦੀ ਪਤਨੀ ਨੂੰ ਗ੍ਰਿਫਤਾਰ ਕੀਤਾ ਗਿਆ।



* 12 ਨਵੰਬਰ ਨੂੰ ਹੀ ਹਨੂੰਮਾਨਗੜ੍ਹ ਦੀ ਇਕ ਅਦਾਲਤ ਨੇ ਇਕ ਵਿਅਕਤੀ ਨੂੰ ਨਾਬਾਲਿਗ ਨਾਲ ਜਬਰ-ਜ਼ਨਾਹ ਦੇ ਦੋਸ਼ ’ਚ 20 ਸਾਲ ਦੀ ਕੈਦ ਅਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

* 12 ਨਵੰਬਰ ਵਾਲੇ ਦਿਨ ਹੀ ਮੁਕਤਸਰ ’ਚ ਇਕ ਵਿਅਕਤੀ ਦੇ ਵਿਰੁੱਧ ਆਪਣੀ 13 ਸਾਲਾ ਗੋਦ ਲਈ ਬੇਟੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ’ਚ ਕੇਸ ਦਰਜ ਕੀਤਾ ਗਿਆ।

* 13 ਨਵੰਬਰ ਨੂੰ ਪੀਲੀਭੀਤ ਜ਼ਿਲੇ ਦੇ ਬਰਖੇੜਾ ਇਲਾਕੇ ’ਚ ਟਿਊਸ਼ਨ ਪੜ੍ਹਨ ਗਈ 16 ਸਾਲਾ ਵਿਦਿਆਰਥਣ ਦੀ ਸਮੂਹਿਕ ਜਬਰ-ਜ਼ਨਾਹ ਕਰਨ ਦੇ ਬਾਅਦ ਹੱਤਿਆ ਕਰਿ ਦੱਤੀ ਗਈ।

* 15 ਨਵੰਬਰ ਨੂੰ ਰਾਜਸਥਾਨ ਦੇ ਕੋਟਾ ਜ਼ਿਲੇ ਦੇ ਦਿਗੋਧ ਕਸਬੇ ’ਚ ਅਬਦਲ ਰਹੀਮ ਨਾਮਕ ਇਕ ਉਰਦੂ ਅਧਿਆਪਕ ਨੇ 6 ਸਾਲਾ ਬੱਚੀ ਨਾਲ ਜਬਰ-ਜ਼ਨਾਹ ਨਾਲ ਕਰ ਦਿੱਤਾ।

* 15 ਨਵੰਬਰ ਨੂੰ ਹੀ ਇੰਦੌਰ ਦੀ ਅਦਾਲਤ ਨੇ ਆਪਣੀ 2 ਸਾਲਾ ਬੇਟੀ ਨਾਲ ਜਬਰ-ਜ਼ਨਾਹ ਕਰਨ ਵਾਲੇ ਨਿਰਦਈ ਪਿਤਾ ਨੂੰ ਧੀ ਦੇਿ ਬਆਨ ਦੇ ਆਧਾਰ ’ਤੇ 20 ਸਾਲ ਕੈਦ ਦੀ ਸਜ਼ਾ ਸੁਣਾਈ। ਅਦਾਲਤ ’ਚ ਗਵਾਹੀ ਦਿੰਦੇ ਹੋਏ ਬੱਚੇ ਨੇ ਕਿਹਾ ਸੀ, “ਪਾਪਾ ਗੰਦੇ ਆਦਮੀ ਹਨ।”

* 16 ਨਵੰਬਰ ਨੂੰ ਸ਼ਾਹਜਹਾਂਪੁਰ ’ਚ 14 ਸਾਲਾ ਇਕ ਲੜਕੀ ਨੂੰ ਇਕ ਡਾਕਟਰ ਅਤੇ ਉਸ ਦੇ ਸਾਥੀ ਨੇ ਆਪਣੇ ਕਲੀਨਿਕ ਦੇ ਅੰਦਰ ਖਿੱਚ ਕੇ ਉਸ ਨਾਲ ਜਬਰ-ਜ਼ਨਾਹ ਕਰ ਦਿੱਤਾ।

* 16 ਨਵੰਬਰ ਨੂੰ ਹੀ ਰਾਜਸਥਾਨ ਦੇ ਚੂਰੂ ਜ਼ਿਲੇ ਦੇ ਸੁਜਾਨਗੜ੍ਹ ’ਚ ਆਪਣੀ ਸਹੇਲੀ ਦੇ ਘਰ ਉਸ ਨੂੰ ਮਿਲਣ ਗਈ ਵਿਦਿਆਰਥਣ ਨਾਲ 2 ਨੌਜਵਾਨਾਂ ਨੇ ਜਬਰ-ਜ਼ਨਾਹ ਕਰ ਦਿੱਤਾ।

ਹੁਣ ਤਾਂ ਭਾਰਤ ’ਚ ਵਧ ਰਹੇ ਅਪਰਾਧਾਂ ਅਤੇ ਅੱਤਵਾਦ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਵਿਦੇਸ਼ ਮੰਤਰਾਲਾ ਨੇ ਭਾਰਤ ਜਾਣ ਵਾਲੇ ਆਪਣੇ ਨਾਗਰਿਕਾਂ ਨੂੰ ਸਾਵਧਾਨੀ ਵਰਤਣ ਲਈ ਕਹਿ ਦਿੱਤਾ ਹੈ।

ਮੰਤਰਾਲਾ ਨੇ 15 ਨਵੰਬਰ ਨੂੰ ਭਾਰਤੀ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਹੈ ਕਿ “ਜਬਰ-ਜ਼ਨਾਹ ਭਾਰਤ ’ਚ ਸਭ ਤੋਂ ਤੇਜ਼ੀ ਨਾਲ ਵਧਦੇ ਅਪਰਾਧਾਂ ’ਚੋਂ ਇਕ ਹੈ ਅਤੇ ਸੈਕਸ ਸ਼ੋਸ਼ਣ ਵਰਗੇ ਹਿੰਸਕ ਅਪਰਾਧ ਵੀ ਸੈਰ-ਸਪਾਟੇ ਵਾਲੀਆਂ ਥਾਵਾਂ ਅਤੇ ਹੋਰਨਾਂ ਥਾਵਾਂ ’ਤੇ ਸਾਹਮਣੇ ਆਏ ਹਨ।”ਸਪੱਸ਼ਟ ਹੈ ਕਿ ਰੋਜ਼ਾਨਾ ਹੋ ਰਹੀਆਂ ਜਬਰ-ਜ਼ਨਾਹ ਦੀਆਂ ਘਟਨਾਵਾਂ ਨੇ ਨਾ ਸਿਰਫ ਦੇਸ਼ ’ਚ ਨਾਰੀ ਜਾਤੀ ਦੀ ਸੁਰੱਖਿਆ ’ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ, ਵਿਦੇਸ਼ਾਂ ’ਚ ਵੀ ਸਾਡੀ ਬਦਨਾਮੀ ਹੋਣ ਲੱਗੀ ਹੈ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਜਬਰ-ਜ਼ਨਾਹ ਦੇ ਮਾਮਲਿਆਂ ਦਾ ਜ਼ਰਾ ਵੀ ਦੇਰ ਕੀਤੇ ਬਿਨਾਂ ਜਲਦੀ ਤੋਂ ਜਲਦੀ ਫੈਸਲਾ ਕਰ ਕੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਕਿ ਇਸ ਬੁਰਾਈ ’ਤੇ ਰੋਕ ਲੱਗ ਸਕੇ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੋਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
**(A Division of Media Partners Capital , Inc.)**

**Address :**
**P.O Box 7005 Hicksville New York 11801**

**Phone: 917 612 3158 TelFax : 516 342 1076**
**punjabiduniya@gmail.com, thesouthasianinsider@gmail.com**
**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Thinking of Buying/Selling ?

WIN ZONE REALTY INC.

Realty Inc.



# Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com


Insurance
NLight
Solid like a Rock
Are you paying too much for Auto, Home, Business, Workman Compensation, Contractors, General Liability, E&O ?
Call us today for complimentary analysis of your policy.
Tel: 516-654-4488
Sharanjit Singh Thind
Licensed P&C Insurance Broker/ Notary Public
(Service with Honesty & Smile, Since 2012)
insure@nlightfin.com www.nlightfin.com

# ਪੁਲਾੜ 'ਚ ਪੈਦਾ ਹੋਣਗੇ ਇਨਸਾਨ, ਧਰਤੀ 'ਤੇ ਮਨਾਉਣਗੇ ਛੁੱਟੀਆਂ - ਬੇਜ਼ੋਸ



ਵਾਸ਼ਿੰਗਟਨ - ਐਮੇਜ਼ੌਨ ਦੇ ਸੰਸਥਾਪਕ ਅਤੇ ਅਮਰੀਕੀ ਸਪੇਸ ਕੰਪਨੀ ਬਲੂ ਔਰਿਜਨ ਦੇ ਮਾਲਕ ਜੈੱਫ ਬੇਜ਼ੋਸ ਦਾ ਕਹਿਣਾ ਹੈ ਕਿ ਇੱਕ ਦਿਨ ਅਜਿਹਾ ਆਵੇਗਾ ਜਦੋਂ ਪੁਲਾੜ 'ਚ ਇਨਸਾਨ ਪੈਦਾ ਹੋਣਗੇ। ਆਮ ਲੋਕਾਂ ਲਈ ਪੁਲਾੜ ਦੇ ਦਰਵਾਜ਼ੇ ਖੋਲ੍ਹਣ ਵਾਲੇ ਬੇਜ਼ੋਸ ਨੇ ਕਿਹਾ ਕਿ ਪੁਲਾੜ 'ਚ ਪੈਦਾ ਹੋਣ ਵਾਲੇ ਇਨਸਾਨ ਧਰਤੀ 'ਤੇ ਉਸ ਤਰ੍ਹਾਂ ਛੁੱਟੀਆਂ ਮਨਾਉਣ ਆਉਣਗੇ ਜਿਸ ਤਰ੍ਹਾਂ ਅਸੀਂ ਪਾਰਕਾਂ 'ਚ ਜਾਂਦੇ ਹਾਂ। ਉਨ੍ਹਾਂ ਨੇ ਕਿਹਾ ਕਿ ਪੁਲਾੜ 'ਚ ਕਈ ਸ਼ਹਿਰ ਹੋਣਗੇ ਜਿੱਥੇ ਇਨਸਾਨ ਜਨਮ ਲੈਣਗੇ। ਅਰਬਪਤੀ ਬਿਜ਼ਨਸਮੈਨ ਨੇ ਇਹ ਗੱਲ ਵਾਸ਼ਿੰਗਟਨ 'ਚ ਆਯੋਜਿਤ ਇੱਕ ਚਰਚਾ ਦੌਰਾਨ ਕਹੀ। ਇਥੇ ਉਹ ਬਲੂ ਔਰਿਜਨ ਦੇ ਭਵਿੱਖ ਨੂੰ ਲੈ ਕੇ ਬੋਲ ਰਹੇ ਸਨ।

ਬੇਜ਼ੋਸ ਨੇ ਕੰਪਨੀ ਦੀਆਂ ਯੋਜਨਾਵਾਂ, ਪੁਲਾੜ 'ਚ ਹੋਣ ਵਾਲੇ ਲੌਂਚ ਤੇ ਧਰਤੀ ਨੂੰ ਬਚਾਉਣ ਵਰਗੇ ਮੁੱਦਿਆਂ 'ਤੇ ਆਪਣੀ ਰਾਏ ਰੱਖੀ। ਉਨ੍ਹਾਂ ਨੇ ਪੁਲਾੜ 'ਚ ਬਸਤੀਆਂ ਵਸਾਏ ਜਾਣ ਬਾਰੇ ਕਿਹਾ ਕਿ ਉਹ ਤੈਰਦੇ ਹੋਏ ਘਰਾਂ ਦੀ ਤਰ੍ਹਾਂ ਹੋਣਗੀਆਂ ਜਿੱਥੇ ਮੌਸਮ ਅਤੇ ਧਰਤੀ ਦੇ ਗੁਰੂਤਾਕਰਸ਼ਨ ਦੀ ਨਕਲ ਕੀਤੀ ਜਾਵੇਗੀ। ਇਨ੍ਹਾਂ ਤੈਰਦੇ ਘਰਾਂ 'ਚ 10 ਲੱਖ ਲੋਕ ਰਹਿ ਸਕਣਗੇ ਅਤੇ ਉੱਥੇ ਨਦੀਆਂ, ਜੰਗਲ ਅਤੇ ਜੰਗਲੀ ਜੀਵ ਵੀ ਹੋਣਗੇ। ਬੇਜ਼ੋਸ ਨੇ ਅੱਗੇ ਕਿਹਾ ਕਿ ਸਦੀਆਂ ਤਕ ਲੋਕ ਪੁਲਾੜ 'ਚ ਪੈਦਾ ਹੋਣਗੇ ਅਤੇ ਇਹ ਉਨ੍ਹਾਂ ਦਾ ਪਹਿਲਾ ਘਰ ਹੋਵੇਗਾ। ਉਹ ਇਨ੍ਹਾਂ ਪੁਲਾੜ ਬਸਤੀਆਂ 'ਚ ਪੈਦਾ ਹੋਣਗੇ, ਫ਼ਿਰ ਉਹ ਧਰਤੀ ਦੀ ਯਾਤਰਾ 'ਤੇ ਨਿਕਲਣਗੇ।

ਜੈੱਫ਼ ਬੇਜ਼ੋਸ ਨੇ ਅੱਗੇ ਦੱਸਿਆ ਕਿ ਉਹ ਵੈਸੇ ਹੀ ਹੋਵੇਗਾ ਜਿਵੇਂ ਅਸੀਂ ਛੁੱਟੀਆਂ ਮਨਾਉਣ ਯੈਲੋਸਟੋਨ ਨੈਸ਼ਨਲ ਪਾਰਕ ਜਾਂਦੇ ਹਾਂ। ਬੇਜ਼ੋਸ ਨੇ ਕਿਹਾ ਕਿ ਪੜ੍ਹਾਈ ਕਰਨ ਦੌਰਾਨ ਇੱਕ ਭਾਸ਼ਨ 'ਚ ਉਨ੍ਹਾਂ ਨੇ ਪਹਿਲੀ ਵਾਰ ਪੁਲਾੜ 'ਚ ਬਸਤੀਆਂ ਸਥਾਪਿਤ ਕਰਨ ਦੀ ਯੋਜਨਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਕਿਹਾ ਕਿ ਕਿਸੇ ਦੂਜੇ ਗ੍ਰਹਿ 'ਤੇ ਜਾਣ ਅਤੇ ਉੱਥੇ ਫ਼ਿਰ ਤੋਂ ਜੀਵਨ ਸ਼ੁਰੂ ਕਰਨ ਦੀ ਤੁਲਨਾ 'ਚ ਪੁਲਾੜ 'ਚ ਵੱਸਣਾ ਜ਼ਿਆਦਾ ਬਿਹਤਰ ਹੈ। ਬੇਜ਼ੋਸ ਨੇ ਕਿਹਾ ਕਿ ਜੇਕਰ ਅਸੀਂ ਮੰਗਲ ਗ੍ਰਹਿ ਨੂੰ ਬਦਲਦੇ ਹਾਂ ਜਾਂ ਕੁੱਝ ਨਾਟਕੀ ਕਰਦੇ ਹਾਂ ਤਾਂ ਇਹ ਬਹੁਤ ਚੁਣੌਤੀਪੂਰਨ ਹੈ ਅਤੇ ਦੂਜੀ ਧਰਤੀ ਬਣਨ ਵਰਗਾ ਹੋਵੇਗਾ। ਉਸ ਵੇਲੇ 10 ਤੋਂ 20 ਅਰਬ ਲੋਕ ਉੱਥੇ ਰਹਿ ਸਕਣਗੇ।

# 6 ਜਨਵਰੀ ਨੂੰ ਕੈਪੀਟਲ ਦੇ ਅੰਦਰ ਕੁਰਸੀ ਸੁੱਟਣ ਵਾਲੇ ਨੂੰ ਜੇਲ੍ਹ

ਵਾਸ਼ਿੰਗਟਨ - ਅਮਰੀਕਾ ਦੇ ਉੱਪ ਨਗਰ ਸ਼ਿਕਾਗੋ 'ਚ ਇੱਕ ਟੈੱਕ ਕੰਪਨੀ ਦੇ ਸਾਬਕਾ ਮੁੱਖ ਕਾਰਜਕਾਰੀ ਅਧਿਕਾਰੀ (2<k) ਨੂੰ 6 ਜਨਵਰੀ ਨੂੰ ਹਿੰਸਾ ਦੌਰਾਨ ਕੈਪੀਟਲ (ਅਮਰੀਕੀ ਸੰਸਦ ਭਵਨ) ਅੰਦਰ



ਕੁਰਸੀ ਸੁੱਟਣ ਤੋਂ ਬਾਅਦ ਆਪਣੀ ਨੌਕਰੀ ਗੁਆਉਣੀ ਪਈ ਸੀ, ਅਤੇ ਹੁਣ ਇਸ ਮਾਮਲੇ 'ਚ ਉਸ ਨੂੰ 30 ਦਿਨਾਂ ਲਈ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। "~ ਡਿਸਟ੍ਰਿਕਟ ਜੱਜ ਕਾਰਲ ਨਿਕੋਲਸ ਨੇ ਇਲੇਨੋਏ 'ਚ ਇਨਵਰਨੈੱਸ ਦੇ ਬ੍ਰੈਡਲੀ ਰੁਕਸਟੇਲਜ਼ ਨੂੰ ਹਰਜਾਨੇ ਦੇ ਰੂਪ 'ਚ 500 ਅਮਰੀਕੀ ਡਾਲਰ ਦਾ ਭੁਗਤਾਨ ਕਰਨਾ ਦਾ ਹੁਕਮ ਵੀ ਦਿੱਤਾ।

ਰੁਕਸਟੇਲਜ਼ ਨੇ ਪਹਿਲਾਂ ਸਵੀਕਾਰ ਕੀਤਾ ਸੀ ਕਿ ਉਸ ਨੇ ਕੈਪੀਟਲ 'ਤੇ ਹਮਲਾ ਕੀਤਾ ਅਤੇ ਪੁਲੀਸ ਅਧਿਕਾਰੀਆਂ ਦੀ ਦਿਸ਼ਾ 'ਚ ਕੁਰਸੀ ਸੁੱਟੀ। ਹਾਲਾਂਕਿ, ਉਸ ਨੇ ਦਲੀਲ ਦਿੱਤੀ ਕਿ ਅਧਿਕਾਰੀਆਂ ਦੇ ਕੁਰਸੀ ਨਾਲ ਟਕਰਾਉਣ ਦਾ ਖ਼ਤਰਾ ਨਹੀਂ ਸੀ। ਉੱਥੇ, ਸਰਕਾਰੀ ਵਕੀਲਾਂ ਨੇ ਕਿਹਾ ਕਿ ਰੁਕਸਟੇਲਜ਼ ਦੇ ਅਣਉਚਿਤ ਵਿਵਹਾਰ ਨੇ ਕੈਪੀਟਲ 'ਚ ਅਰਾਜਕਤਾ 'ਚ ਵਾਧਾ ਕੀਤਾ।


ਘਟਨਾ ਤੋਂ ਬਾਅਦ ਰੁਕਸਟੇਲਜ਼ ਨੂੰ ਕੋਗੇਨਸੀਆ ਦੇ 2<k ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਹਿੰਸਾ ਤੋਂ ਇੱਕ ਦਿਨ ਬਾਅਦ ਰੁਕਸਟੇਲਜ਼ ਨੇ ਜਨਤਕ ਰੂਪ ਨਾਲ ਮੁਆਫ਼ੀ ਮੰਗੀ ਅਤੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਉਸ ਨੂੰ 6 ਜਨਵਰੀ ਨੂੰ ਆਪਣੇ ਕੰਮਾਂ ਲਈ ਪਛਤਾਵਾ ਹੈ, ਉਹ ਸਜ਼ਾ ਨੂੰ ਸਵੀਕਾਰ ਕਰਦਾ ਹੈ, ਅਤੇ ਆਪਣੇ ਜੀਵਨ ਦੇ ਇਸ ਅਧਿਆਏ ਨੂੰ ਖ਼ਤਮ ਕਰਨ ਲਈ ਤਿਆਰ ਹੈ।

## ਕੋਰੋਨਾ ਵਿਚਕਾਰ ਅਮਰੀਕਾ 'ਤੇ ਮੰਡਰਾ ਰਿਹੈ ਖਸਰੇ ਦਾ ਖ਼ਤਰਾ

ਵਾਸ਼ਿੰਗਟਨ - ਅਮਰੀਕਾ 'ਚ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (282) ਨੇ ਕੋਵਿਡ-19 ਮਹਾਂਮਾਰੀ ਵਿਚਕਾਰ ਖਸਰੇ ਦੇ ਵਾਇਰਸ ਦੀ ਚਿਤਾਵਨੀ ਦਿੱਤੀ ਹੈ। ਅਮਰੀਕਾ 'ਚ ਪਿਛਲੇ ਸਾਲ ਦੀ ਤੁਲਨਾ 'ਚ ਖਸਰੇ ਦੇ ਮਾਮਲਿਆਂ 'ਚ ਭਾਵੇਂ ਗਿਰਾਵਟ ਆਈ ਹੈ, ਪਰ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (282) ਅਤੇ ਵਿਸ਼ਵ ਸਿਹਤ ਸੰਗਠਨ (, Lk) ਦੀ ਇੱਕ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਖਸਰੇ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ ਅਤੇ ਇਸਦਾ ਪ੍ਰਕੋਪ ਵੱਧ ਰਿਹਾ ਹੈ। ਜ਼ਿਕਰਯੋਗ ਹੈ ਕਿ ਇਥੇ ਘੱਟੋ-ਘੱਟ 70 ਪ੍ਰਤੀਸ਼ਤ ਬੱਚਿਆਂ ਨੇ ਖਸਰੇ ਦੇ ਟੀਕੇ ਦੀ ਦੂਜੀ ਖੁਰਾਕ ਪ੍ਰਾਪਤ ਕੀਤੀ ਹੈ ਜਦੋਂ ਕਿ ਪਿਛਲੇ ਸਾਲ 22 ਮਿਲੀਅਨ ਤੋਂ ਵੱਧ ਬੱਚੇ ਖਸਰੇ ਦੀ ਵੈਕਸੀਨ ਦੀ ਪਹਿਲੀ ਖੁਰਾਕ ਲੈਣ ਤੋਂ ਖੁੰਝ ਗਏ ਸਨ।

# ਤਾਈਵਾਨ ਅਮਰੀਕਾ ਨਾਲ ਮਿਲ ਕੇ ਭੰਨ ਸਕਦੈ ਚੀਨ ਦੀ ਆਕੜ

ਸਿਡਨੀ - ਆਸਟਰੇਲੀਆ ਦੇ ਰੱਖਿਆ ਮੰਤਰੀ ਪੀਟਰ ਡਟਨ ਨੇ ਕਿਹਾ ਹੈ ਕਿ ਜੇ ਅਮਰੀਕਾ ਤਾਇਵਾਨ ਦੀ ਰੱਖਿਆ ਲਈ ਕਾਰਵਾਈ ਕਰਦਾ ਹੈ ਤਾਂ ਆਸਟਰੇਲੀਆ ਲਈ ਅਮਰੀਕਾ ਦੇ ਨਾਲ ਨਾ ਹੋਣਾ ਕਲਪਨਾਯੋਗ ਨਹੀਂ ਹੋਵੇਗਾ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਚੀਨ ਜੇ ਤਾਇਵਾਨ ਦੀ ਯਥਾ ਸਥਿਤੀ ਨੂੰ ਬਦਲਣ ਲਈ ਤਾਕਤ ਦੀ ਵਰਤੋਂ ਕਰਦਾ ਹੈ ਤਾਂ ਅਮਰੀਕਾ ਅਤੇ ਉਸ ਦੇ ਸਹਿਯੋਗੀ ਕਾਰਵਾਈ ਕਰਨਗੇ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਕਿਹਾ ਸੀ ਕਿ ਅਸੀਂ ਤਾਇਵਾਨ ਦੀ ਰੱਖਿਆ ਨੂੰ ਲੈ ਕੇ ਵਚਨਬੱਧ ਹਾਂ। ਡਟਨ ਨੇ ਕਿਹਾ ਕਿ ਇਹ ਸਮਝ ਤੋਂ ਪਰ੍ਹੇ ਹੋਵੇਗਾ ਕਿ ਜੇ ਅਮਰੀਕਾ ਨੇ ਤਾਇਵਾਨ ਨੂੰ ਲੈ ਕੇ ਕੋਈ ਕਾਰਵਾਈ ਕਰਨ ਦਾ



ਫ਼ੈਸਲਾ ਕੀਤਾ ਤਾਂ ਅਸੀਂ ਕਾਰਵਾਈ 'ਚ ਅਮਰੀਕਾ ਦਾ ਸਮਰਥਨ ਨਹੀਂ ਕਰਾਂਗੇ। ਉਨ੍ਹਾਂ ਅੱਗੇ ਕਿਹਾ, "ਮੈਨੂੰ ਲੱਗਦਾ ਹੈ ਕਿ ਸਾਨੂੰ ਇਸ ਨੂੰ ਲੈ ਕੇ ਬਹੁਤ ਸਪੱਸ਼ਟ ਅਤੇ ਇਮਾਨਦਾਰ ਹੋਣਾ ਚਾਹੀਦਾ ਹੈ ਅਤੇ ਤੱਥਾਂ ਅਤੇ ਹਾਲਾਤ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਦੇਖਣਾ ਚਾਹੀਦਾ ਹੈ। ਸ਼ਾਇਦ ਅਜਿਹੇ ਹਾਲਾਤ ਹਨ ਜਿੱਥੇ ਅਸੀਂ ਉਸ ਬਦਲ ਨੂੰ ਨਹੀਂ ਅਪਨਾਵਾਂਗੇ, ਪਰ ਮੈਂ ਹਾਲਾਤ ਦੀ ਕਲਪਨਾ ਤੋਂ ਇਨਕਾਰ ਨਹੀਂ ਕਰ ਰਿਹਾ।"

ਚੀਨੀ ਫ਼ੌਜ ਨੇ ਹਾਲ ਹੀ 'ਚ ਦੱਸਿਆ ਕਿ ਉਸ ਨੇ ਤਾਇਵਾਨ ਸਟ੍ਰੇਟਸ ਦੀ ਦਿਸ਼ਾ 'ਚ ਇੱਕ ਕੌਮਬੈਟ ਰੈਡੀਨੈਸ ਪੈਟਰੋਲ ਦਾ ਆਯੋਜਨ ਕੀਤਾ, ਅਤੇ ਉਸ ਦੇ ਰੱਖਿਆ ਮੰਤਰਾਲਾ ਨੇ ਬੀਜਿੰਗ ਵਲੋਂ ਕੀਤੇ ਗਏ ਲੋਕਤਾਂਤਰਿਕ ਤੌਰ 'ਤੇ ਸ਼ਾਸ਼ਿਤ ਟਾਪੂ ਤਾਈਵਾਨ 'ਚ ਅਮਰੀਕੀ ਵਫ਼ਦ ਦੀ ਯਾਤਰਾ ਦੀ ਨਿੰਦਾ ਵੀ ਕੀਤੀ। ਡਟਨ ਨੇ ਦੱਸਿਆ ਹੈ ਕਿ ਤਾਇਵਾਨ ਨੂੰ ਲੈ ਕੇ ਚੀਨ ਦੇ ਇਰਾਦੇ ਬਹੁਤ ਸਪੱਸ਼ਟ ਹਨ ਅਤੇ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉੱਚ ਪੱਧਰ ਦੀ ਤਿਆਰੀ ਕਾਇਮ ਰਹੇ। ਸਾਡੀ ਸਮਰੱਥਾ ਤੋਂ ਵੱਧ ਵਿਰੋਧ ਦੀ ਭਾਵਨਾ ਹੈ। ਇਸ ਤਰ੍ਹਾਂ ਮੈਨੂੰ ਲੱਗਦਾ ਹੈ ਕਿ ਅਸੀਂ ਆਪਣੇ ਦੇਸ਼ ਨੂੰ ਇੱਕ ਤਾਕਤ ਦੀ ਹਾਲਤ 'ਚ ਪਾਉਂਦੇ ਹਾਂ। ਜ਼ਿਕਰਯੋਗ ਕਿ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਤਾਇਵਾਨ ਨੂੰ ਚੀਨ ਦੇ ਕੰਟਰੋਲ 'ਚ ਲਿਆਉਣ ਲਈ ਫ਼ੌਜੀ ਤਾਕਤ ਦੀ ਵਰਤੋਂ ਕਰਨ ਤੋਂ ਇਨਕਾਰ ਨਹੀਂ ਕੀਤਾ।

# ਠੰਡ 'ਚ ਅਫ਼ਗਾਨਿਸਤਾਨ ਨੂੰ ਕਰਨਾ ਪੈ ਸਕਦੈ ਭੋਜਨ ਸੰਕਟ ਦਾ ਸਾਹਮਣਾ

ਕਾਬੁਲ - ਠੰਡ ਨੇੜੇ ਆਉਣ ਦੇ ਨਾਲ ਹੀ ਅਫ਼ਗਾਨਿਸਤਾਨ ਭੋਜਨ ਦੀ ਭਾਰੀ ਘਾਟ ਹੋਣ ਦੀ ਕਗਾਰ 'ਤੇ ਹੈ। ਰਿਪੋਰਟ ਮੁਤਾਬਿਕ 95 ਫ਼ੀਸਦੀ ਲੋਕਾਂ ਕੋਲ ਉਚਿਤ ਭੋਜਨ ਨਹੀਂ, ਅਤੇ ਅਫ਼ਗਾਨਿਸਤਾਨ ਦੇ 39 ਮਿਲੀਅਨ ਲੋਕਾਂ ਵਿੱਚੋਂ ਅੱਧ ਤੋਂ ਵੱਧ ਕੋਲ ਖਾਣ ਲਈ ਭੋਜਨ ਨਹੀਂ ਅਤੇ ਉਹ ਭੁੱਖਮਰੀ ਵਲ ਵੱਧ ਰਹੇ ਹਨ। ਇਸ ਦਾ ਮਤਲਬ ਹੈ ਕਿ ਲਗਭਗ 23 ਮਿਲੀਅਨ ਅਫ਼ਗਾਨ ਭੁੱਖਮਰੀ ਦੀ ਮਾਰ ਝੱਲ ਰਹੇ ਹਨ ਜਦਕਿ 5 ਸਾਲ ਤੋਂ ਘੱਟ ਉਮਰ ਦੇ 32 ਲੱਖ ਬੱਚੇ ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹੋ ਸਕਦੇ ਹਨ। ਜੇਕਰ ਮੌਸਮ ਓਨਾ ਹੀ ਖ਼ਰਾਬ ਰਿਹਾ ਜਿਨ੍ਹਾਂ ਕਿ ਮਾਹਿਰ ਇਸ ਸਰਦੀ ਦੀ



ਭਵਿੱਖਵਾਣੀ ਕਰ ਰਹੇ ਹਨ ਤਾਂ ਉਮੀਦ ਹੈ ਕਿ ਵੱਡੀ ਗਿਣਤੀ 'ਚ ਭੁੱਖ ਅਤੇ ਵਿਆਪਕ ਅਕਾਲ ਦਾ ਖ਼ਤਰਾ ਹੋਵੇਗਾ।

ਲੰਬੇ ਸਮੇਂ ਤੋਂ ਚਲੀ ਆ ਰਹੀ ਆਰਥਿਕ ਅਤੇ ਸ_ਰੱਖਿਆ ਚੁਣੌਤੀਆਂ, ਵੱਡੇ ਸੋਕੇ ਅਤੇ ਹਾਲ ਦੇ ਸਾਲਾਂ 'ਚ ਹੜ੍ਹ ਕਾਰਨ ਅਫ਼ਗਾਨਿਸਤਾਨ 'ਚ ਭੁੱਖਮਰੀ ਕਾਫ਼ੀ ਵੱਧ ਗਈ ਹੈ, ਪਰ ਤਾਲਿਬਾਨ ਦੇ ਕਬਜ਼ੇ ਨਾਲ ਸਥਿਤੀ ਬੇਹੱਦ ਚੁਣੌਤੀਪੂਰਨ ਹੋ ਗਈ ਹੈ। ਕੌਮਾਂਤਰੀ ਦਾਨਦਾਤਾਵਾਂ ਨੇ ਦੇਸ਼ ਲਈ ਕਰੋੜਾਂ ਡਾਲਰਾਂ ਦੇਣ ਦਾ ਵਾਅਦਾ ਕੀਤਾ ਹੈ, ਪਰ ਉਹ ਤਾਲਿਬਾਨ ਨਾਲ ਸਿੱਧੇ ਤੌਰ 'ਤੇ ਕੰਮ ਨਹੀਂ ਕਰਨਾ ਚਾਹੁੰਦੇ। ਕੌਮਾਂਤਰੀ ਭਾਈਚਾਰੇ 'ਚ ਇਸ ਗੱਲ ਨੂੰ ਲੈ ਕੇ ਵਿਆਪਕ ਚਿੰਤਾ ਹੈ ਕਿ ਅਫ਼ਗਾਨ ਲੋਕਾਂ ਨੂੰ ਭੋਜਨ ਤਕ ਕਿਵੇਂ ਪਹੁੰਚਾਇਆ ਜਾਵੇ। , Fw ਦੇ ਕਾਰਜਕਾਰੀ ਡਾਇਰੈਕਟਰ ਡੇਵਿਡ ਬੇਸਲੀ ਮੁਤਾਬਿਕ ਸਥਿਤੀ ਖ਼ਤਰਨਾਕ ਹੈ, ਇਹ ਓਨਾ ਹੀ ਬੁਰਾ ਹੈ ਜਿਨ੍ਹਾਂ ਤੁਸੀਂ ਕਲਪਨਾ ਕਰ ਸਕਦੇ ਹੋ।

# ਆਮ ਵਿਅਕਤੀ ਨਾਲ ਵਿਆਹ ਮਗਰੋਂ ਜਾਪਾਨ ਦੀ ਸਾਬਕਾ ਰਾਜਕੁਮਾਰੀ ਅਮਰੀਕਾ ਪਹੁੰਚੀ

ਟੋਕੀਓ - ਰਾਜ ਪਰਿਵਾਰ ਦੀਆਂ ਸੁਵਿਧਾਵਾਂ ਨੂੰ ਤਿਆਗ ਕੇ ਇੱਕ ਸਾਧਾਰਨ ਵਿਅਕਤੀ ਨਾਲ ਵਿਆਹ ਕਰਵਾਉਣ ਵਾਲੀ ਜਾਪਾਨ ਦੀ ਰਾਜਕੁਮਾਰੀ ਆਪਣੇ ਪਤੀ ਨਾਲ ਅਮਰੀਕਾ ਦੇ ਨਿਊ ਯੌਰਕ ਲਈ ਰਵਾਨਾ ਹੋ ਗਈ। ਦੇਸ਼ 'ਚ ਨਵੇਂ ਵਿਆਹੇ ਜੋੜੇ ਦੀ ਕਾਫ਼ੀ ਆਲੋਚਨਾ ਕੀਤੀ ਗਈ ਹੈ। ਸਾਬਕਾ ਰਾਜਕੁਮਾਰੀ ਮਾਕੋ ਕੋਮੁਰੋ ਅਤੇ ਉਨ੍ਹਾਂ ਦੇ ਪਤੀ ਕੇਈ ਕੋਮੁਰੋ ਟੋਕੀਓ ਨੇ ਹਨੇਦਾ ਹਵਾਈ ਅੱਡੇ 'ਤੇ ਕੈਮਰਿਆਂ ਦੀ ਫ਼ਲੈਸ਼ ਦਰਮਿਆਨ ਜਹਾਜ਼ 'ਚ ਸਵਾਰ ਹੋਏ। ਜਾਪਾਨ ਦੇ ਪ੍ਰਮੁੱਖ ਪ੍ਰਸਾਰਕਾਂ ਨੇ ਇਸ ਨੂੰ ਸਿੱਧਾ ਪ੍ਰਸਾਰਿਤ ਕੀਤਾ। ਕੇਈ ਕੋਮੁਰੋ ਫ਼ੋਧਰਮ ਯੂਨੀਵਰਸਿਟੀ ਲਾਅ ਸਕੂਲ 'ਤੋਂ ਗ੍ਰੈਜੂਏਟ ਹਨ ਅਤੇ ਉਹ ਨਿਊ ਯੌਰਕ ਦੀ ਇੱਕ ਕੰਪਨੀ 'ਚ ਨੌਕਰੀ ਕਰਦੇ ਹਨ।



ਹਾਲਾਂਕਿ ਉਨ੍ਹਾਂ ਨੇ ਬਾਰ ਦੀ ਪ੍ਰੀਖਿਆ ਪਾਸ ਕਰਨੀ ਹੈ ਅਤੇ ਇਸ ਨੂੰ ਆਧਾਰ ਬਣਾ ਕੇ ਸਥਾਨਕ ਮੀਡੀਆ ਨੇ ਉਨ੍ਹਾਂ 'ਤੇ ਹਮਲਾ ਕੀਤਾ ਸੀ। ਹਾਲਾਂਕਿ ਕਈ ਵਾਰ ਕੋਸ਼ਿਸ਼ ਕਰਨ ਤੋਂ ਬਾਅਦ ਪ੍ਰੀਖਿਆ ਪਾਸ ਕਰਨਾ ਆਮ ਗੱਲ ਹੈ। ਉਨ੍ਹਾਂ ਨੇ ਪਿਛਲੇ ਮਹੀਨੇ ਟੋਕੀਓ 'ਚ ਆਪਣੇ ਵਿਆਹ ਦੀ ਰੈਜਿਸਟ੍ਰੇਸ਼ਨ ਕਰਵਾਉਣ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ ਸੀ ਕਿ ਮੈਂ ਮਾਕੋ ਨੂੰ ਪਿਆਰ ਕਰਦਾ ਹਾਂ। ਮੈਂ ਆਪਣੀ ਜ਼ਿੰਦਗੀ ਉਸ ਵਿਅਕਤੀ ਨਾਲ ਗੁਜ਼ਾਰਨਾ ਚਾਹੁੰਦਾ ਹਾਂ ਜਿਸ ਨਾਲ ਮੈਂ ਪਿਆਰ ਕਰਦਾ ਹਾਂ। ਜਾਪਾਨ ਕਈ ਮਾਈਨਿਆਂ ਨਾਲ ਆਧੁਨਿਕ ਹੈ, ਪਰ ਪਰਿਵਾਰਿਕ ਸਬੰਧਾਂ ਅਤੇ ਮਹਿਲਾਵਾਂ ਦੀ ਸਥਿਤੀ ਦੇ ਬਾਰੇ 'ਚ ਕਦਰਾਂ-ਕੀਮਤਾਂ ਕੁੱਝ ਹੱਦ ਤਕ ਪੁਰਾਣੀਆਂ ਹਨ। ਅਜਿਹਾ ਨਹੀਂ ਹੈ ਕਿ ਜਦ ਪਹਿਲੀ ਵਾਰ ਕਿਸੇ ਰਾਜਕੁਮਾਰੀ ਨੇ ਸਾਧਾਰਨ ਵਿਅਕਤੀ ਨਾਲ ਵਿਆਹ ਕੀਤਾ ਹੋਵੇ।

# ਚੀਨ 'ਚ ਜਨਮ ਦਰ ਵਧਾਉਣ ਦੀਆਂ ਕੋਸ਼ਿਸ਼ਾਂ ਵਿਚਾਲੇ ਵਿਹਾਰ ਦਰ 'ਚ ਗਿਰਾਵਟ ਜਾਰੀ

ਬੀਜਿੰਗ - ਚੀਨੀ ਕੌਮਿਊਨਿਸਟ ਪਾਰਟੀ (ਸੀਪੀਸੀ#ਆਪਣੀ ਨਵੀਂ ਨੀਤੀ ਤਹਿਤ ਜਿੱਥੇ ਲੋਕਾਂ ਨੂੰ ਜਨਮ ਦਰ ਵਧਾਉਣ ਲਈ ਪ੍ਰੇਰਿਤ ਕਰ ਰਹੀ ਹੈ ਉੱਥੇ ਦੇਸ਼ 'ਚ ਵਿਆਹ ਦਰ 'ਚ ਗਿਰਾਵਟ ਦਾ ਸਿਲਸਿਲਾ ਜਾਰੀ ਹੈ। ਦੇਸ਼ ਦੇ ਜਨਤਕ ਮਾਮਲਿਆਂ ਦੇ ਮੰਤਰਾਲੇ ਮੁਤਾਬਿਕ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਦੀਆਂ ਤਿੰਨ ਤਿਮਾਹੀਆਂ 'ਚ ਵਿਆਹ ਦਰ'ਚ ਗਿਰਾਵਟ ਆਈ ਹੈ। ਤੀਸਰੀ ਤਿਮਾਹੀ ਦੌਰਾਨ ਸਿਰਫ਼ 17.2 ਲੱਖ ਲੋਕਾਂ ਨੇ ਵਿਆਹ ਕਰਵਾਇਆ ਜੋ ਪਿਛਲੀ ਤਿਮਾਹੀ ਤੋਂ ਘੱਟ ਹੈ। ਰੇਡੀਓ ਫ਼ਰੀ ਏਸ਼ੀਆ ਮੁਤਾਬਿਕ, ਅੰਕੜੇ ਵਿਆਹਾਂ ਦੀ ਦਰ 'ਚ ਲੰਬੇ ਸਮੇਂ ਲਈ ਗਿਰਾਵਟ ਵੱਲ ਇਸ਼ਾਰਾ ਕਰਦੇ ਹਨ ਜਿਨ੍ਹਾਂ ਦਾ ਸਬੰਧ ਕੋਵਿਡ-19 ਮਹਾਮਾਰੀ ਨਾਲ ਹੋ ਸਕਦਾ ਹੈ। ਲੋਕ ਸਰਕਾਰ ਦੇ ਉਸ ਵਾਅਦੇ 'ਤੇ ਵੀ ਭਰੋਸਾ ਨਹੀਂ ਕਰ ਪਾ ਰਹੇ ਜਿਸ 'ਚ ਉਸ ਨੇ ਵੱਧ ਬੱਚਿਆਂ ਵਾਲੇ ਪਰਿਵਾਰ ਤੋਂ ਭਾਰ ਘੱਟ ਕਰਨ ਦੀ ਗੱਲ ਕਹੀ ਹੈ।ਸੀਪੀਸੀ#ਯੂਥ ਲੀਗ ਦੇ ਹਾਲ ਹੀ 'ਚ ਕੀਤੇ ਸਰਵੇ 'ਚ ਇੱਕ ਹੈਰਾਨੀਜਨਕ ਗੱਲ ਸਾਹਮਣੇ ਆਈ ਹੈ। 1995 ਤੋਂ 2009 ਵਿਚਾਲੇ ਜਨਮੇ 3,000 ਨੌਜਵਾਨਾਂ 'ਤੇ ਕੀਤੇ ਗਏ ਸਰਵੇ 'ਚ 34 ਫ਼ੀਸਦੀ ਨੇ ਸਾਫ਼ ਕਿਹਾ ਕਿ ਉਨ੍ਹਾਂ ਲਈ ਜੀਵਨ ਸਾਥੀ ਨਾ-ਟਾਲਣ ਯੋਗ ਨਹੀਂ। ਇਸ ਮਿਆਦ 'ਚ ਜਨਮੇ ਲੋਕਾਂ ਨੂੰ ਜੇਨ ਜ਼ੈੱਡ ਕਿਹਾ ਜਾਂਦਾ ਹੈ। 43 ਫ਼ੀਸਦੀ ਔਰਤਾਂ ਨੇ ਵਿਆਹ ਨਾ ਕਰਨ ਜਾਂ ਫ਼ਿਲਹਾਲ ਇਸ ਮੁੱਦੇ 'ਤੇ ਕੁੱਝ ਪੱਕਾ ਨਾ ਹੋਣ ਦੀ ਗੱਲ ਕਹੀ। ਵਿਆਹ ਸਬੰਧੀ ਅਨਿਸ਼ਚਿਤਤਾ ਆਰਥਿਕ ਹਾਲਤ ਨਾਲ ਵੀ ਜੁੜੀ ਹੈ। ਛੋਟੇ ਸ਼ਹਿਰਾਂ ਦੇ ਮੁਕਾਬਲੇ



ਆਰਥਿਕ ਪੱਖੋਂ ਮਜ਼ਬੂਤ ਸ਼ਹਿਰਾਂ ਦੇ ਨੌਜਵਾਨ ਇਕੱਲੇ ਰਹਿਣਾ ਜ਼ਿਆਦਾ ਮੁਨਾਸਿਬ ਸਮਝਦੇ ਹਨ।ਰਿਪੋਰਟ ਮੁਤਾਬਿਕ, ਜਿੱਥੋਂ ਦਾ ਅਰਥਚਾਰਾ ਜਿੰਨਾ ਮਜ਼ਬੂਤ ਹੋਵੇਗਾ ਉੱਥੇ ਓਨੇ ਹੀ ਵੱਧ ਲੋਕ ਇਕੱਲੇ ਰਹਿਣਾ ਪਸੰਦ ਕਰ ਰਹੇ ਹਨ। ਜਿਵੇਂ-ਜਿਵੇਂ ਆਰਥਿਕ ਹਾਲਾਤ ਮਜ਼ਬੂਤ ਹੁੰਦੀ ਜਾਵੇਗੀ, ਵੱਧ ਗਿਣਤੀ 'ਚ ਨੌਜਵਾਨ ਇਕੱਲੇ ਰਹਿਣਾ ਪਸੰਦ ਕਰਨ ਲੱਗਣਗੇ।





# ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ

✿ ਡਾ. ਹਰਸ਼ਿੰਦਰ ਕੌਰ, ਐਮ. ਡੀ.

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਜੇ ਮਨੁੱਖ ਸਿਰਫ਼ ਰੁੱਖੇ ਹੀ ਬਚਨ ਬੋਲਦਾ ਰਹੇ ਤਾਂ ਉਸ ਦਾ ਤਨ ਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਤੇ ਅਜਿਹਾ ਮਨੁੱਖ ਰੁੱਖਾ ਹੀ ਮਸ਼ਹੂਰ ਹੋ ਜਾਂਦਾ ਹੈ। ਪ੍ਰੇਮ ਵਿਹੂਣਾ ਅਜਿਹਾ ਮਨੁੱਖ ਯਾਦ ਵੀ ਰੁੱਖੇ ਬਚਨਾਂ ਨਾਲ ਹੀ ਕੀਤਾ ਜਾਂਦਾ ਹੈ। ਦਰਗਾਹ ਤੋਂ ਤਾਂ ਰੱਦ ਹੋ ਹੀ ਜਾਂਦਾ ਹੈ ਪਰ ਇਸ ਤਰ੍ਹਾਂ ਦੇ ਮਨੁੱਖ ਦੇ ਮੂੰਹ ਉੱਤੇ ਵੀ ਥੁੱਕਾਂ ਤੇ ਫਿਟਕਾਰਾਂ ਪੈਂਦੀਆਂ ਹਨ। ਪ੍ਰੇਮ ਹੀਣ ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ ਕਿਉਂਕਿ ਉਸ ਦੀ ਸਦਾ ਹੀ ਬੇਇੱਜ਼ਤੀ ਹੁੰਦੀ ਹੈ ਤੇ ਜੁੱਤੀਆਂ ਦੀ ਮਾਰ ਪੈਂਦੀ ਹੈ।

ਓਹੀਓ ਸਟੇਟ ਯੂਨੀਵਰਸਿਟੀ ਵਿਚ ਜੋਨ ਕੇਸੀਓਪੋ ਨੇ ਖੋਜ ਰਾਹੀਂ ਇਹ ਤੱਥ ਲੱਭੇ ਕਿ ਇਨਸਾਨੀ ਮਨ ਮਾੜਾ ਸੁਣ ਕੇ ਵੱਧ ਖਿੱਚਿਆ ਜਾਂਦਾ ਹੈ। ਇਸੇ ਲਈ ਜਿਹੜੇ ਸਿਆਸਤਦਾਨ ਦੂਜੇ ਨੂੰ ਭੰਡਦੇ ਹੋਣ, ਉਹ ਵੱਧ ਮਕਬੂਲ ਹੁੰਦੇ ਹਨ ਪਰ ਜਿਹੜੇ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦੇ ਹੋਣ, ਉਹ ਬਹੁਤਾ ਧਿਆਨ ਨਹੀਂ ਖਿੱਚਦੇ।

ਕਿਸੇ ਬਾਰੇ ਮਾੜਾ ਸੁਣ ਕੇ, ਬੁਰੀ ਖ਼ਬਰ ਪੜ੍ਹ ਕੇ ਜਾਂ ਮਾੜੀ ਘਟਨਾ ਵੇਖ ਕੇ ਦਿਮਾਗ਼ ਦੀ ਬਿਜਲਈ ਹਰਕਤ ਵਿਚ ਤੂਫ਼ਾਨ ਆ ਜਾਂਦਾ ਹੈ।

ਅਜਿਹਾ ਚੰਗੀ ਖ਼ਬਰ ਪੜ੍ਹ ਕੇ ਨਹੀਂ ਹੁੰਦਾ। ਪੱਥਰ ਯੁੱਗ ਸਮੇਂ ਤੋਂ ਹੀ ਖ਼ਤਰਾ ਭਾਂਪ ਕੇ ਨਵੀਂ ਚੀਜ਼ ਈਜਾਦ ਕੀਤੀ ਜਾਂਦੀ ਰਹੀ ਹੈ। ਸਭ ਕੁੱਝ ਚੰਗਾ ਵੇਖ ਸੋਚ ਕੇ ਹੌਲੀ-ਹੌਲੀ ਮਨ ਢਿੱਲਾ ਪੈ ਜਾਂਦਾ ਹੈ।

ਵਿਆਹੁਤਾ ਜ਼ਿੰਦਗੀ ਵਿਚ ਵੀ ਨਿੱਘੇ ਰਿਸ਼ਤੇ ਉਹੀ ਹੁੰਦੇ ਹਨ ਜਿਨ੍ਹਾਂ ਵਿਚ ਸਭ ਕੁੱਝ 'ਠੀਕ' ਨਾ ਹੋਵੇ ਬਲਕਿ ਨਿੱਕੀ ਮੋਟੀ 'ਖਟਪਟ' ਚੱਲਦੀ ਰਹੇ। ਇਹ 'ਖਟਪਟ' ਰਿਸ਼ਤਿਆਂ ਦਾ 'ਥਰਮੋਸਟੈਟ' ਸਾਬਤ ਹੋ ਚੁੱਕੀ ਹੈ। ਜੇ ਖਟਪਟ ਲੜਾਈ ਵਿਚ ਜਾਂ ਮੰਦੀ ਸ਼ਬਦਾਵਲੀ ਵਿਚ ਤਬਦੀਲ ਹੋ ਜਾਏ ਤਾਂ ਰਿਸ਼ਤੇ ਵਿਚ ਫਿੱਕ ਪੈ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਖਟਪਟ ਨੂੰ ਲੜਾਈ ਵਿਚ ਤਬਦੀਲ ਹੋਣ ਤੋਂ ਪਹਿਲਾਂ ਹੀ ਰੋਕ ਲੈਣਾ ਚਾਹੀਦਾ ਹੈ।

ਇਹ ਹੀ ਸਭ ਤੋਂ ਗੁੰਝਲਦਾਰ ਨੁਕਤਾ ਹੈ ਕਿ ਕਿਸ ਗੱਲ ਉੱਤੇ ਰਿਸ਼ਤੇ ਵਿਚ ਫਿੱਕ ਪੈਣ ਤੋਂ ਰੋਕਣ ਦੀ ਲੋੜ ਹੁੰਦੀ ਹੈ।

ਮਨੋਵਿਗਿਆਨੀਆਂ ਅਨੁਸਾਰ ਇਹ 5:1 ਅਨੁਪਾਤ ਨਾਲ ਠੀਕ ਰਹਿੰਦਾ ਹੈ। ਯਾਨੀ 5 ਚੰਗੀਆਂ ਸਾਂਝ ਵਾਲੀਆਂ ਗੱਲਾਂ ਤੇ ਇੱਕ ਅਣਬਣ, ਵਿਅੰਗ ਜਾਂ ਝਗੜੇ ਵਾਲੀ।

ਜੇ ਇਹ ਅਨੁਪਾਤ 2:3 ਹੋ ਜਾਏ ਤੇ ਅਣਬਣ ਤਿੰਨ ਤੱਕ ਪਹੁੰਚ ਜਾਏ ਤਾਂ ਰਿਸ਼ਤੇ ਦਾ ਅਗਾਂਹ ਤੁਰਨਾ ਨਾਮੁਮਕਿਨ ਹੋ ਜਾਂਦਾ ਹੈ।

ਲੰਬੇ ਸਮੇਂ ਤਕ ਨਿਭਣ ਵਾਲੀਆਂ ਦੋਸਤੀਆਂ ਵਿਚ ਵੀ ਇਹੀ ਕੁੱਝ ਸਹੀ ਸਾਬਤ ਹੋਇਆ ਹੈ। ਜੇ ਦੋਸਤਾਂ ਵਿਚ ਉੱਕਾ ਹੀ ਅਣਬਣ ਨਾ ਹੋਵੇ ਤਾਂ ਰਿਸ਼ਤਾ ਨਿੱਘਾ ਹੁੰਦਾ ਹੀ ਨਹੀਂ ਕਿਉਂਕਿ ਹਰ ਜਣਾ ਗਲ ਦਿਲ ਵਿਚ ਹੀ ਲੁਕਾਉਂਦਾ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦਾ ਰਹਿੰਦਾ ਹੈ ਜੋ ਰਿਸ਼ਤੇ ਵਿਚਲੀ ਖਿੱਚ ਖ਼ਤਮ ਕਰ ਦਿੰਦਾ ਹੈ।

ਜੇ ਅਨੁਪਾਤ ਵਿਗੜ ਰਿਹਾ ਹੋਵੇ ਤਾਂ ਰਿਸ਼ਤਾ ਟਿਕਾਊ ਕਰਨ ਲਈ ਸਾਰਥਕ ਕਦਮ ਪੁੱਟਣ ਦੀ ਲੋੜ ਹੁੰਦੀ ਹੈ। ਇਸ ਵਾਸਤੇ ਆਪਣੇ ਮਨ ਅੰਦਰ ਭਰੀ ਕੌੜ ਨੂੰ ਕਿਸੇ ਹੋਰ ਢੰਗ ਨਾਲ ਬਾਹਰ ਕੱਢਣ ਤੇ ਦੋਸਤ ਨੂੰ ਨਿੱਘੀ ਜੱਫੀ ਜਾਂ ਕੁੱਝ ਚੰਗੇ ਸੁਣੇਹੇ ਭੇਜਣ ਨਾਲ ਰਿਸ਼ਤੇ ਵਿਚ ਨਿੱਘ ਭਰਿਆ ਜਾ ਸਕਦਾ ਹੈ।

> ਇਨਸਾਨੀ ਮਨ ਨਿੰਦਿਆ ਵੱਲ ਛੇਤੀ ਖਿੱਚਿਆ ਜਾਂਦਾ ਹੈ ਤੇ ਆਪ ਵੀ ਸੁਣੀ ਸੁਣਾਈ ਨਿੰਦਿਆ ਦਾ ਹਿੱਸਾ ਅਚੇਤ ਮਨ ਰਾਹੀਂ ਬਣ ਜਾਂਦਾ ਹੈ। ਪਰ, ਲਗਾਤਾਰ ਸੁਣੀ ਜਾ ਰਹੀ ਨਿੰਦਿਆ ਤੋਂ ਅਕੇਵਾਂ ਹੁੰਦੇ ਸਾਰ ਮਨੁੱਖੀ ਮਨ ਸਹਿਜ ਹੋਣ ਲਈ ਕੁੱਝ ਸੁਖਾਵੇਂ ਸ਼ਬਦ ਭਾਲਣ ਲੱਗ ਪੈਂਦਾ ਹੈ। ਯਾਨੀ ਬਹੁਤੀ ਦੇਰ ਰੁੱਖਾਪਨ ਸੁਣਿਆ ਨਹੀਂ ਜਾਂਦਾ ਤੇ ਦਿਮਾਗ਼ ਵਿਚਲੀਆਂ ਬਿਜਲਈ ਤਰੰਗਾਂ ਨੂੰ ਸ਼ਾਂਤ ਕਰਨ ਲਈ ਕੁੱਝ ਚੰਗਾ ਸੁਣਨਾ ਇਨਸਾਨੀ ਮਨ ਦੀ ਫਿਤਰਤ ਹੈ।

ਅਜਿਹਾ ਉਦੋਂ ਤੱਕ ਕਰਦੇ ਰਹਿਣਾ ਚਾਹੀਦਾ ਹੈ ਜਦੋਂ ਤਕ ਅਨੁਪਾਤ 5:1 ਨਾ ਹੋ ਜਾਵੇ।

ਹੁਣ ਗੱਲ ਕਰੀਏ ਸਿਫਰ ਨਕਾਰਾਤਮਕ ਸੋਚ ਵਾਲੇ ਮਨੁੱਖ ਦੀ ਜੋ ਅਲੋਚਨਾ ਤੋਂ ਇਲਾਵਾ ਕੁੱਝ ਜਾਣਦਾ ਹੀ ਨਾ ਹੋਵੇ ਤੇ ਕਦੇ ਵੀ ਸਾਰਥਕ ਗੱਲ ਨਾ ਕਰਦਾ ਹੋਵੇ। ਅਜਿਹਾ ਮਨੁੱਖ ਆਪਣੇ ਮਨ ਨੂੰ ਇਹ ਸਮਝਾ ਲੈਂਦਾ ਹੈ ਕਿ ਰੁੱਖਾ ਬੋਲਣਾ ਉਸ ਦਾ ਖਾਸ ਗੁਣ ਹੈ ਤੇ ਇੰਜ ਹੀ ਉਹ ਆਪਣੇ ਆਪ ਨੂੰ ਬਾਕੀਆਂ ਤੋਂ ਵੱਖ ਤੇ ਉੱਚਾ ਸਮਝਣ ਲੱਗ ਪੈਂਦਾ ਹੈ। ਹੌਲੀ-ਹੌਲੀ ਅਜਿਹੇ ਮਨੁੱਖ ਦੀ ਸੋਚ ਹੀ ਤਬਦੀਲ ਹੋ ਜਾਂਦੀ ਹੈ ਤੇ ਹਉਮੈ ਉਸ ਨੂੰ ਜਕੜ ਲੈਂਦੀ ਹੈ। ਉਸ ਨੂੰ ਆਪਣੇ ਸਾਹਮਣੇ ਸਾਰੇ ਬੌਣੇ ਜਾਪਣ ਲੱਗ ਪੈਂਦੇ ਹਨ।

ਦੂਜੇ ਦੀ ਚੀਸ ਨਾ ਸਮਝਣਾ ਤੇ ਦੂਜੇ ਨੂੰ ਨੀਵਾਂ ਵਿਖਾ ਕੇ ਖ਼ੁਸ਼ ਮਹਿਸੂਸ ਹੋਣਾ ਹੀ ਕਿਸੇ ਕਿਸੇ ਦਾ ਸੁਭਾਓ ਬਣ ਜਾਂਦਾ ਹੈ।

ਅਜਿਹਾ ਮਨੁੱਖ ਰੁੱਖਾ ਹੋਣ ਦੇ ਨਾਲ ਅੜਬ ਤੇ ਆਪਣੇ ਆਲੇ-ਦੁਆਲੇ ਭੇਦ ਨਾ ਸਕਣ ਵਾਲਾ ਚੱਕਰਵਿਊ ਸਿਰਜ ਲੈਂਦਾ ਹੈ ਜਿਸ ਨੂੰ ਪਾਰ ਨਾ ਕਰ ਸਕਣ ਵਾਲਾ ਕਿਨਾਰਾ ਕਰਨ ਲੱਗ ਪੈਂਦਾ ਹੈ ਤੇ 'ਅੰਗੂਰ ਖੱਟੇ ਹਨ' ਵਾਂਗ ਹੀ ਉਸ ਬਾਰੇ ਮਾੜੀ ਸ਼ਬਦਾਵਲੀ ਵਰਤ ਕੇ ਪਰ੍ਹਾਂ ਹੋ ਜਾਂਦਾ ਹੈ। ਇਹੋ ਨਿੰਦਾ ਅਗਾਂਹ ਤੁਰਦੀ ਹੋਈ ਉਸ ਮਨੁੱਖ ਨੂੰ ਰੁੱਖਾ ਤੇ ਨਕਾਰਾਤਮਕ ਸਾਬਤ ਕਰ ਦਿੰਦੀ ਹੈ ਤੇ ਲੋਕਾਂ ਵਿਚ ਅਜਿਹੇ ਮਨੁੱਖ ਦੇ ਜ਼ਿਕਰ ਨਾਲ ਹੀ ਉਸ ਨੂੰ ਭੰਡਿਆ ਜਾਣ ਲੱਗ ਪੈਂਦਾ ਹੈ।

ਇਹ ਸਾਰੀ ਖੋਜ ਮਨੋਵਿਗਿਆਨੀਆਂ ਨੇ ਸਿਰਫ਼ ਇਸ ਨੁਕਤੇ ਨੂੰ ਸਾਬਤ ਕਰਨ ਉੱਤੇ ਲਾਈ ਹੈ ਕਿ ਇਨਸਾਨੀ ਮਨ ਨਿੰਦਿਆ ਵੱਲ ਛੇਤੀ ਖਿੱਚਿਆ ਜਾਂਦਾ ਹੈ ਤੇ ਆਪ ਵੀ ਸੁਣੀ ਸੁਣਾਈ ਨਿੰਦਿਆ ਦਾ ਹਿੱਸਾ ਅਚੇਤ ਮਨ ਰਾਹੀਂ ਬਣ ਜਾਂਦਾ ਹੈ। ਪਰ, ਲਗਾਤਾਰ ਸੁਣੀ ਜਾ ਰਹੀ ਨਿੰਦਿਆ ਤੋਂ ਅਕੇਵਾਂ ਹੁੰਦੇ ਸਾਰ ਮਨੁੱਖੀ ਮਨ ਸਹਿਜ ਹੋਣ ਲਈ ਕੁੱਝ ਸੁਖਾਵੇਂ ਸ਼ਬਦ ਭਾਲਣ ਲੱਗ ਪੈਂਦਾ ਹੈ। ਯਾਨੀ ਬਹੁਤੀ ਦੇਰ ਰੁੱਖਾਪਨ ਸੁਣਿਆ ਨਹੀਂ ਜਾਂਦਾ ਤੇ ਦਿਮਾਗ਼ ਵਿਚਲੀਆਂ ਬਿਜਲਈ ਤਰੰਗਾਂ ਨੂੰ ਸ਼ਾਂਤ ਕਰਨ ਲਈ ਕੁੱਝ ਚੰਗਾ ਸੁਣਨਾ ਇਨਸਾਨੀ ਮਨ ਦੀ ਫਿਤਰਤ ਹੈ।

ਜਿਹੜਾ ਮਨੁੱਖ ਸਦਾ ਹੀ ਰੁੱਖੇ ਬਚਨ ਉਚਾਰਦਾ ਰਹੇ, ਉਸ ਦੀ ਬਾਕੀਆਂ ਨਾਲ ਸਾਂਝ ਹੌਲੀ-ਹੌਲੀ ਟੁੱਟਣ ਲੱਗ ਪੈਂਦੀ ਹੈ ਤੇ ਲੋਕ ਉਸ ਤੋਂ ਪਾਸਾ ਵੱਟਣ ਲੱਗ ਪੈਂਦੇ ਹਨ।

ਹੁਣ ਤਾਂ ਸੌਖਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦ ਸਮਝ ਆ ਸਕਦਾ ਹੈ-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।
(ਅੰਗ 473)

ਅੱਗੇ ਤੋਂ ਜਿਹੜਾ ਜਣਾ ਸਿਰਫ਼ ਹੀ ਸਿਫ਼ਤ ਕਰਦਾ ਮਿਲੇ ਤਾਂ ਉਸ ਉੱਪਰ ਝੂਠ ਦੇ ਚੜ੍ਹੇ ਮੁਖੌਟੇ ਬਾਰੇ ਸਮਝ ਲੈਣਾ ਚਾਹੀਦਾ ਹੈ ਤੇ ਇਸ 'ਫੂਕ ਸ਼ਸਤਰ' ਤੋਂ ਬਚਾਓ ਹੀ ਬਿਹਤਰ ਹੁੰਦਾ ਹੈ।

ਕਿਸੇ ਅੰਦਰ ਸਿਰਫ਼ ਹੀ ਗੁਣ ਹੋਣ, ਇਹ ਸੰਭਵ ਨਹੀਂ ਪਰ ਸਿਰਫ਼ ਔਗੁਣ ਹੋਣ, ਇਹ ਵੀ ਸਹੀ ਨਹੀਂ ਹੈ। ਰਿਸ਼ਤਿਆਂ ਨੂੰ ਲੰਮੇ ਸਮੇਂ ਤੱਕ ਚੱਲਦੇ ਰੱਖਣ ਲਈ 5:1 ਦੀ ਸਹੀ ਮਿਕਦਾਰ ਜ਼ਰੂਰ ਚਾਹੀਦੀ ਹੈ।

ਡਾ. ਹਰਸ਼ਿੰਦਰ ਕੌਰ, ਐਮ. ਡੀ.,
ਫੋਨ ਨੰ: 0175-221678333

---

# ਬਾਬਾ ਫ਼ਰੀਦ ਜੀ

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ ॥**

ਬਾਬਾ ਸ਼ੇਖ ਫਰੀਦ ਦਾ ਜਨਮ ਪਿੰਡ ਖੇਤਵਾਲ, ਜਿਲ੍ਹਾ ਮੁਲਤਾਨ ਵਿਚ ਸੰਨ 1173 ਈ: ਵਿਚ ਮਾਤਾ ਕੁਰੈਸ਼ਮ ਖਾਤੂਨ ਦੀ ਕੁੱਖੋਂ ਹੋਇਆ। ਬਾਬਾ ਫਰੀਦ ਦੇ ਪਿਤਾ ਜਮਾਲ-ਉਦ-ਦੀਨ ਸੁਲੇਮਾਨ ਸੁਲਤਾਨ ਮਹਿਮੂਦ ਗਜ਼ਨੀ ਦੇ ਭਣੇਵੇਂ ਸਨ। ਪਰਿਵਾਰ ਸੁਲਤਾਨ ਸ਼ਹਾਬ-ਉਦ-ਦੀਨ ਦੇ ਸਮੇਂ ਕਾਬਲ ਤੋਂ ਕਸੂਰ ਆ ਗਿਆ ਅਤੇ ਉਥੋਂ ਖੇਤਵਾਲ।

ਬਾਬਾ ਫਰੀਦ ਦੀ ਪਤਨੀ ਵੀ ਸ਼ਾਹੀ ਖਾਨਦਾਨ ਵਿਚੋਂ ਸੁਲਤਾਨ ਗਿਆਸ-ਉਦ-ਦੀਨ ਬਲਬਨ ਦੀ ਪੁੱਤਰੀ ਸੀ। ਬਾਬਾ ਜੀ ਦੀ ਮੁਢਲੀ ਵਿਦਿਆ ਖੇਤਵਾਲ ਵਿਚ ਹੋਈ। ਫੇਰ ਉਹ ਮੁਲਤਾਨ ਚਲੇ ਗਏ ਅਤੇ ਮੌਲਵੀ ਮਨਹਾਲ-ਉਦ-ਦੀਨ ਤੋਂ ਕੁਰਾਨ ਸ਼ਰੀਫ, ਹਦੀਸ ਤੇ ਛਿਕਾ ਪੜ੍ਹੇ। ਉਸ ਪਿਛੋਂ ਦਿੱਲੀ ਚਲੇ ਆਏ ਅਤੇ ਖਵਾਜ਼ਾ ਕੁਤਬ-ਉਦ-ਦੀਨ ਕਾਕੀ ਨੂੰ ਗੁਰੂ ਧਾਰ ਲਿਆ। ਹੋਇਆ ਇਸ ਤਰ੍ਹਾਂ ਕਿ ਇਕ ਵਾਰ ਕਾਕੀ ਸਾਹਿਬ ਮੁਲਤਾਨ ਆਏ ਤੇ ਉਨ੍ਹਾਂ ਦੇਖਿਆ ਕਿ ਬਾਬਾ ਫਰੀਦ ਬੜੇ ਧਿਆਨ ਨਾਲ ਪੜ੍ਹ ਰਹੇ ਹਨ। ਉਨ੍ਹਾਂ ਪੁਛਿਆ, ਕੀ ਪੜ੍ਹ ਰਹੇ ਹੋ ? ਬਾਬਾ ਫਰੀਦ ਨੇ ਉਤਰ ਦਿੱਤਾ, ਜਨਾਬ ਮੈਂ ਨਾਫਹ ਪੜ੍ਹ ਰਿਹਾ ਹਾਂ। ਕਾਕੀ ਸਾਹਿਬ ਨੇ ਬਚਨ ਕੀਤਾ, ਨਾਫਹ, ਨਾਫਹ ਹੀ ਸਾਬਤ ਹੋਵੇਗੀ। ਨਾਫਹ ਦਾ ਅਰਥ ਹੈ, ਨਫਾ ਦੇਣ ਵਾਲੀ।

ਫਰੀਦ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਮੈਨੂੰ ਆਪਣਾ ਚੇਲਾ ਬਣਾ ਲਓ। ਕਾਕੀ ਸਾਹਿਬ ਨੇ ਕਿਹਾ, ਅਜੇ ਤੁਸੀਂ ਸੰਸਾਰਕ ਵਿਦਿਆ ਪ੍ਰਾਪਤ ਕਰੋ, ਵਿਦਿਆ ਵੱਲ ਧਿਆਨ ਦੇਵੋ ਕਿਉਂਕਿ ਅਨਪੜ੍ਹ ਸੂਫੀ ਸ਼ੈਤਾਨ ਹੁੰਦਾ ਹੈ। ਪੜ੍ਹਾਈ ਪੂਰੀ ਕਰਕੇ ਮੇਰੇ ਪਾਸ ਆ ਜਾਣਾ। ਬਾਬਾ ਜੀ ਨੇ ਵਿਦਿਆ ਪੂਰੀ ਕਰ ਕੇ ਦਿੱਲੀ ਦਾ ਰਾਹ ਫੜ੍ਹਿਆ। ਇਥੋਂ ਉਨ੍ਹਾਂ ਨੂੰ ਸਫਰ ਦਾ ਸ਼ੌਕ ਪੈਦਾ ਹੋਇਆ ਤੇ ਉਹ ਮੁਲਤਾਨ ਤੋਂ ਕੰਧਾਰ, ਬਗਦਾਦ ਅਤੇ ਈਰਾਨ ਗਏ। ਅਫਰੀਕਾ ਦੇ ਮੁਸਲਿਮ ਦੇਸ਼ਾਂ ਦਾ ਵੀ ਭਰਮਣ ਕੀਤਾ। ਉਹ ਉਨ੍ਹਾਂ ਮੁਲਕਾਂ ਦੇ ਵੱਡੇ ਵੱਡੇ ਵਿਦਵਾਨਾਂ ਨੂੰ ਮਿਲੇ ਜਿਨ੍ਹਾਂ ਵਿਚ ਸ਼ੇਖ ਸੁਹਾਬ-ਉਦ-ਦੀਨ ਸੁਹਰਾਵਰਦੀ, ਖਵਾਜ਼ਾ ਫਰੀਦ-ਉਦ-ਦੀਨ ਮਹੱਤਾਰ ਅਤੇ ਸ਼ੇਖ ਸ਼ਾਅਦੀ ਦੇ ਨਾਂ ਖਾਸ ਜ਼ਿਕਰਯੋਗ ਹਨ।

ਸਫਰ ਖਤਮ ਕਰਨ ਪਿਛੋਂ ਬਾਬਾ ਜੀ ਦਿੱਲੀ ਆ ਗਏ। ਕਾਕੀ ਸਾਹਿਬ ਨੇ ਉਨ੍ਹਾਂ ਨੂੰ ਭਾਈਚਾਰੇ ਤੇ ਦੋਸਤੀ ਦਾ ਪੈਗਾਮ ਫੈਲਾਉਣ ਦਾ ਉਪਦੇਸ਼ ਦਿੱਤਾ ਅਤੇ ਗਜ਼ਨੀ ਦਰਵਾਜ਼ੇ ਕੋਲ ਰਹਿਣ ਨੂੰ ਥਾਂ ਦੇ ਦਿੱਤੀ। ਇਥੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ। ਭੁੰਜੇ ਆਸਣ, ਇੱਟ ਦਾ ਸਿਰਹਾਣਾ, ਕੁਝ ਖਾਧੇ-ਪੀਤੇ ਬਿਨਾ ਸਰੀਰ ਹੱਡੀਆਂ ਦਾ ਪਿੰਜਰ ਬਣ ਗਿਆ। ਉਨ੍ਹਾਂ ਪਾਸ ਲੋਕਾਂ ਦੀ ਆਵਾਜਾਈ ਵਧ ਗਈ ਅਤੇ ਭਗਤੀ ਦਾ ਸਮਾਂ ਨਾ ਮਿਲਦਾ। ਫਰੀਦ ਜੀ ਨੇ ਆਪਣੀ ਸਮੱਸਿਆ ਆਪਣੇ ਗੁਰੂ ਨੂੰ ਦੱਸੀ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਹਾਂਸੀ (ਹਿਸਾਰ) ਚਲੇ ਜਾਓ। ਉਥੇ ਇਕ ਮਸੀਤ ਵਿਚ ਰਹਿ ਕੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ। ਇਨ੍ਹੀਂ ਦਿਨੀਂ ਕਾਕੀ ਸਾਹਿਬ ਰੱਬ ਨੂੰ ਪਿਆਰੇ ਹੋ ਗਏ ਅਤੇ ਬਾਬਾ ਫਰੀਦ ਨੂੰ ਉਨ੍ਹਾਂ ਦੀ ਥਾਂ ਦਿੱਲੀ ਦੀ ਗੱਦੀ ਮਿਲ ਗਈ ਪਰ ਦਿੱਲੀ ਵਿਖੇ ਆਏ-ਗਏ ਸੇਵਕਾਂ ਅਤੇ ਦੂਰੋਂ ਦੂਰੋਂ ਆਏ ਸ਼ਰਧਾਲੂਆਂ ਨਾਲ ਗੱਲਬਾਤ ਵਿਚ ਹੀ ਉਨ੍ਹਾਂ ਦਾ ਸਾਰਾ ਸਮਾਂ ਬਤੀਤ ਹੋ ਜਾਂਦਾ। ਅੱਲਾ ਦੀ ਬੰਦਗੀ ਲਈ ਸਮਾਂ ਹੀ ਨਾ ਮਿਲਦਾ। ਤੰਗ ਆ ਕੇ ਉਹ ਫੇਰ ਹਾਂਸੀ ਆ ਗਏ ਪਰ ਇਥੇ ਵੀ ਲੋਕਾਂ ਦੀ ਭੀੜ ਬਾਬਾ ਜੀ ਦੇ ਦਰਸ਼ਨਾਂ ਲਈ ਜੁੜੀ ਰਹਿੰਦੀ। ਉਥੋਂ ਉਹ ਅਯੋਧਨ ਚਲੇ ਗਏ। ਇਸ ਸ਼ਹਿਰ ਦਾ ਨਾਂ ਅਕਬਰ ਬਾਦਸ਼ਾਹ ਨੇ ਬਦਲ ਕੇ ਪਾਕ ਪੱਤਣ ਰੱਖ ਦਿੱਤਾ ਜੋ ਵਿਗੜ ਕੇ ਅੱਜ ਕਲ ਪਾਕਪਟਨ ਹੋ ਗਿਆ ਹੈ ਅਤੇ ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਚ ਹੈ।

ਬਚਪਨ ਵਿਚ ਸ਼ੇਖ ਫਰੀਦ ਨੂੰ ਨਮਾਜ ਪੜ੍ਹਾਉਣ ਲਈ ਉਨ੍ਹਾਂ ਦੀ ਮਾਤਾ ਜੀ ਉਨ੍ਹਾਂ ਦੇ ਆਸਣ ਹੇਠਾਂ ਥੋੜ੍ਹੀ ਜਿਹੀ ਸ਼ੱਕਰ ਰੱਖ ਦਿੰਦੇ ਅਤੇ ਆਖਦੇ, ਜੋ ਨਮਾਜ ਪੜ੍ਹਦਾ ਹੈ, ਅੱਲਾ ਉਸ ਨੂੰ ਸ਼ੱਕਰ ਦਿੰਦਾ ਹੈ। ਇਕ ਵਾਰ ਫਰੀਦ ਜੀ ਨੇ ਜੰਗਲ ਵਿਚ ਆਪਣੇ ਕਈ ਸਾਥੀਆਂ ਨਾਲ ਨਮਾਜ ਪੜ੍ਹੀ। ਪਹਿਲਾਂ ਦੀ ਤਰ੍ਹਾਂ ਮਸੱਲਾ ਚੁੱਕ ਕੇ ਦੇਖਿਆ, ਉਥੇ ਢੇਰ ਸਾਰੀ ਸ਼ੱਕਰ ਪਈ ਸੀ। ਉਨ੍ਹਾਂ ਦੀ ਮਾਂ ਘਰ ਬੈਠੀ ਫਿਕਰ ਕਰੇ ਕਿ ਅੱਜ ਉਸ ਦਾ ਪਾਜ ਖੁੱਲ੍ਹ ਜਾਏਗਾ ਕਿ ਉਹ ਫਰੀਦ ਦੇ ਮਸੱਲੇ (ਆਸਣ) ਹੇਠਾਂ ਸ਼ੱਕਰ ਰੱਖਦੀ ਸੀ। ਉਸ ਨੇਕ ਖਾਤੂਨ ਨੇ ਅੱਲਾ ਅੱਗੇ ਦੁਆ ਕੀਤੀ ਕਿ ਮੇਰੀ ਲਾਜ ਰੱਖੀਂ। ਫਰੀਦ ਜੀ ਨੇ ਘਰ ਆ ਕੇ ਦੱਸਿਆ ਕਿ ਅੱਜ ਤਾਂ ਢੇਰ ਸਾਰੀ ਸ਼ੱਕਰ ਮਿਲੀ ਜੋ ਅਸੀਂ ਸਾਰਿਆਂ ਨੇ ਰੱਜ ਰੱਜ ਖਾਧੀ। ਮਾਂ ਨੇ ਅੱਲਾ ਦਾ ਸ਼ੁਕਰ ਕੀਤਾ ਕਿ ਮਾਲਕ ਨੇ ਉਸ ਦੀ ਲਾਜ ਰੱਖੀ ਹੈ। ਬਾਬਾ ਫਰੀਦ ਸ਼ਾਦੀ-ਸ਼ੁਦਾ ਫਕੀਰ ਸਨ। ਉਹ ਦਿੱਲੀ ਦੇ ਬਾਦਸ਼ਾਹ ਦੇ ਜਵਾਈ ਸਨ ਪਰ ਆਪ ਫਕੀਰੀ ਵੇਸ ਵਿਚ ਰਹਿੰਦੇ ਸਨ। ਫਰੀਦ ਜੀ ਦੇ ਛੇ ਪੁੱਤਰ ਅਤੇ ਦੋ ਧੀਆਂ ਸਨ। ਹਜਰਤ ਨਮਾਜ਼-ਉਦ-ਦੀਨ ਔਲੀਆ ਉਨ੍ਹਾਂ ਦੇ ਜਵਾਈ ਸਨ। ਪਾਕਪਟਨ ਦੀ ਗੱਦੀ ਆਪ ਤੋਂ ਬਾਅਦ ਵੱਡੇ ਪੁੱਤਰ ਸ਼ੇਖ ਬਦਰ-ਉਦ-ਦੀਨ ਸੁਲੇਮਾਨ ਨੂੰ ਮਿਲੀ।

ਬਾਬਾ ਫਰੀਦ 93 ਵਰ੍ਹਿਆਂ ਦੀ ਉਮਰੇ ਸੰਨ 1266 ਈਲ਼ ਵਿਚ ਇਸ ਜਹਾਨ-ਏ-ਫਾਨੀ ਨੂੰ ਅਲਵਿਦਾ ਆਖ ਗਏ। ਉਹ ਇਸਲਾਮ ਦੇ ਸਹੀ ਅਸੂਲਾਂ 'ਤੇ ਚਲਦੇ ਰਹੇ, ਹਾਲਾਂਕਿ ਕਈ ਸੂਫੀ ਇਸਲਾਮ ਦੇ ਅਸੂਲਾਂ ਦੇ ਪੂਰੇ ਪਾਬੰਦ ਨਹੀਂ ਸਨ। ਬਾਬਾ ਜੀ ਕਿਸੇ ਤੋਂ ਕੋਈ ਚੀਜ਼ ਮੰਗ ਕੇ ਨਹੀਂ ਸਨ ਲੈਂਦੇ। ਉਨ੍ਹਾਂ ਦੇ ਸਹੁਰਾ ਸਾਹਿਬ ਦਿੱਲੀ ਦੇ ਬਾਦਸ਼ਾਹ ਇਕ ਵਾਰ ਉਨ੍ਹਾਂ ਕੋਲ ਪਾਕਪਟਨ ਆਏ ਅਤੇ ਉਨ੍ਹਾਂ ਨੂੰ ਕੁਝ ਜਾਗੀਰ ਦੇਣੀ ਚਾਹੀ। ਬਾਬਾ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਕਿਸੇ ਜ਼ਰੂਰਤਮੰਦ ਨੂੰ ਦੇ ਦਿਓ, ਪੁੰਨ ਮਿਲੇਗਾ।

ਫਰੀਦ ਜੀ ਨੇ ਆਪਣੀ ਬਾਣੀ ਵਿਚ ਇਨਸਾਨ ਨੂੰ ਸਬਰ ਸੰਤੋਖ ਦਾ ਜੀਵਨ ਜਿਉਣ, ਸਹਿਨਸ਼ੀਲਤਾ, ਬੁਰੇ ਦਾ ਭਲਾ ਕਰਨ, ਅਹਿੰਸਾ ਅਤੇ ਇਮਾਨਦਾਰੀ ਨਾਲ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਇਸੇ ਕਰਕੇ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨਯੋਗ ਥਾਂ ਮਿਲੀ। ਉਨ੍ਹਾਂ ਦੀ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਬਾਰੇ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਉਨ੍ਹਾਂ ਦੀ ਹੀ ਹੈ ਜਾਂ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਗੱਦੀ 'ਤੇ ਬੈਠਣ ਵਾਲੇ ਕਿਸੇ ਹੋਰ ਫਰੀਦ ਦੀ ਹੈ। ਇਸੇ ਤਰ੍ਹਾਂ ਭਗਤ ਕਬੀਰ ਅਤੇ ਭਗਤ ਰਵੀਦਾਸ ਜੀ ਦੀ ਵੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਦੇ 4 ਸ਼ਬਦ ਅਤੇ 112 ਸਲੋਕ ਹਨ। ਪੰਜਾਬੀ ਭਾਸ਼ਾ ਨੂੰ ਉਨ੍ਹਾਂ ਦੀ ਵੱਡੀ ਦੇਣ ਹੈ। ਉਨ੍ਹਾਂ ਨੇ ਫਾਰਸੀ ਦੀ ਥਾਂ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਆਪਣੀ ਮਾਂ ਬੋਲੀ ਗੁਰਮੁੱਖੀ ਨੂੰ ਸਤਿਕਾਰਿਆ।

**ਵਾਸਦੇਵ ਸਿੰਘ ਪਰਹਾਰ**

# ਕਰਤਾਰਪੁਰ ਸਾਹਿਬ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਕੀ ਹੈ



@@ਕਰਤਾਰਪੁਰ ਕੋਰੀਡੋਰ ਦੇ ਸਮੇਂ ਰਹਿੰਦਿਆਂ ਖੋਲ੍ਹਣ ਬਾਬਤ ਮੈਂ ਪੀਐਮ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਾ ਹਾਂ। ਇਹ ਹਜ਼ਾਰਾਂ ਸ਼ਰਧਾਲੂਆਂ ਨੂੰ ਗੁਰੂ ਪੁਰਬ ਮੌਕੇ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਪਵਿੱਤਰ ਥਾਂ ਉੱਤੇ ਨਤਮਸਤਕ ਹੋਣ ਦਾ ਮੌਕਾ ਦੇਵੇਗਾ।@@

ਇਸ ਦੇ ਨਾਲ ਹੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਪੰਜਾਬ ਕੈਬਨਿਟ ਦੇ ਲੋਕ ਇੱਕ ਜਥੇ ਦੇ ਰੂਪ ਵਿੱਚ 18 ਨਵੰਬਰ ਨੂੰ ਕਰਤਾਰਪੁਰ ਲਾਂਘਾ ਜਾਣਗੇ।ਨਵਜੋਤ ਸਿੰਘ ਸਿੱਧੂ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨੂੰ ਇੱਕ ਨਾਯਾਬ ਤੋਹਫ਼ਾ ਦੱਸਿਆ। ਉਨ੍ਹਾਂ ਕਿਹਾ, ਮੈਂ ਸ਼ਲਾਘਾ ਕਰਦਾ ਹਾਂ ਸਰਕਾਰ ਦੀ, ਜਿਨ੍ਹਾਂ ਨੇ ਇਹ ਖੋਲ੍ਹਿਆ ਹੈ। ਕੁਝ ਚੀਜ਼ਾਂ ਸਿਆਸਤ ਤੋਂ ਬਹੁਤ ਉੱਪਰ ਹੁੰਦੀਆਂ ਹਨ। ਕੁਝ ਚੀਜ਼ਾਂ ਪਾਰਟੀਆਂ ਤੋਂ ਵੀ ਬਹੁਤ ਉੱਪਰ ਹੁੰਦੀਆਂ ਹਨ। ਇਹ ਰਸਤਾ ਅਣਗਿਣਤ ਸੰਭਾਵਨਾਵਾਂ ਦਾ ਰਸਤਾ ਹੈ। ਅਸੀਂ ਅਰਦਾਸਾਂ ਕਰਦੇ ਹਾਂ ਤੇ ਅੱਜ ਮੇਰੀ ਅਰਦਾਸ ਹੈ, ਇੱਕ ਨਿਮਾਣੇ ਸਿੱਖ ਦੀ ਅਰਦਾਸ ਹੈ ਕਿ ਇਹ ਸਦਾ ਲਈ ਖੁੱਲ੍ਹਾ ਰਹੇ। ਅਸਥਾਈ ਤੌਰ @ਤੇ ਵੀ ਇਹ ਇੱਕ ਦਿਨ ਵੀ ਬੰਦ ਨਾ ਹੋਵੇ। ਮੈਂ ਇੱਕ ਨਿਮਾਣਾ ਸਿੱਖ ਹੋ ਕੇ ਅਪਲਾਈ ਜ਼ਰੂਰ ਕਰਾਂਗਾ, ਜੇ ਉਸ ਲਾਈਨ @ਚ ਮੇਰਾ ਨੰਬਰ ਲੱਗਿਆ ਤਾਂ ਮੈਂ ਆਪਣੇ ਆਪ ਨੂੰ ਵਡਭਾਗੀ ਸਮਝਾਂਗਾ।

ਭਾਜਪਾ ਨੇ ਕੀਤ ਮੋਦੀ ਦਾ ਧੰਨਵਾਦ

ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਖ਼ਬਰ ਮਿਲਣ ਤੋਂ ਬਾਅਦ ਤਰੁਣ ਚੁੱਘ ਮਿਠਾਈਆਂ ਵੰਡਦੇ ਨਜ਼ਰ ਆਏ ਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ, ਨਰਿੰਦਰ ਮੋਦੀ ਜੀ ਦਾ ਬਹੁਤ-ਬਹੁਤ ਧੰਨਵਾਦ, ਜਿਨ੍ਹਾਂ ਨੇ ਸਾਡੀ ਪੰਜਾਬੀਆਂ ਦੀ, ਸਿੱਖਾਂ ਦੀ, ਗੁਰੂ ਨਾਨਕ ਨਾਮ ਲੇਵਾ ਪੂਰੀ ਸੰਗਤ ਦੀ ਅੱਜ ਆਵਾਜ਼ ਸੁਣੀ ਅਤੇ ਸ਼੍ਰੀ ਕਰਤਾਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਹੈ। ਇਹ ਇੱਕ ਸ਼ਲਾਘਾਯੋਗ ਕਦਮ ਹੈ। ਪੰਜਾਬੀ, ਗੁਰੂ ਨਾਨਕ ਨਾਮ ਲੇਵਾ ਵਿਸ਼ਵ @ਚ ਜਿੱਥੇ ਵੀ ਹਨ, ਤੁਹਾਡਾ ਧੰਨਵਾਦ ਕਰਦੇ ਹਨ।

# ਕਰਤਾਰਪੁਰ ਲਾਂਘਾ : ਪੰਜਾਬ ਦਾ ਮੰਤਰੀ ਮੰਡਲ ਜਾਵੇਗਾ ਕਰਤਾਰਪੁਰ, ਸਿੱਧੂ ਕਿਉਂ ਨਹੀਂ ਜਾ ਸਕੇ

ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਤੋਂ ਬਾਅਦ ਸਿੱਖ ਸੰਗਤਾਂ ਅਤੇ ਹੋਰ ਨਾਨਕ ਨਾਮ ਲੇਵਾ ਲੋਕਾਂ ਦਾ ਭਾਰਤ ਦੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਦੇ ਕਰਤਾਰਪੁਰ ਵਿਚ ਆਉਣਾ ਜਾਣਾ ਸ਼ੁਰੂ ਹੋ ਗਿਆ ਹੈ।

ਗੁਰੂ ਨਾਨਕ ਸਾਹਿਬ ਦੇ 552ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਭਾਰਤ ਸਰਕਾਰ ਨੇ ਕਰਤਾਪੁਰ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੇ ਮੰਤਰੀ ਮੰਡਲ ਨਾਲ ਅੱਜ 18 ਨਵੰਬਰ ਨੂੰ ਕਰਤਾਰਪੁਰ ਸਾਹਿਬ ਜਾ ਰਹੇ ਹਨ।

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਪਾਰਟੀ ਦੇ 21 ਮੈਂਬਰੀ ਵਫ਼ਦ ਨਾਲ ਕਰਤਾਰ ਸਾਹਿਬ ਲਈ ਰਵਾਨਾ ਹੋਏ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ 20 ਨਵੰਬਰ ਨੂੰ ਜਾਣਾ ਹੈ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦਾ ਵਫ਼ਦ ਵੀ ਕਰਤਾਰਪੁਰ ਸਾਹਿਬ ਜਾ ਰਹੇ ਹਨ।

ਕਰਤਾਰਪੁਰ ਜਾਣ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਮਨਜੀਤ ਸਿੰਘ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਗੁਰੂ ਦੀ ਚਰਨ ਛੋਹ ਪ੍ਰਾਪਤ ਧਰਤੀ ਉੱਤੇ ਚਰਨ ਧੂੜ ਲੈਣ ਜਾਣਾ ਹਰ ਸਿੱਖ ਦੀ ਅਰਦਾਸ ਹੁੰਦੀ ਹੈ।

ਜਦੋਂ ਅਰਦਾਸ ਪੂਰੀ ਹੁੰਦੀ ਹੈ ਤਾਂ ਇਹ ਭਾਵਨਾਵਾਂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਗੁਰੂ ਅਤੇ ਸਿੱਖ ਦੀ ਸਾਂਝ ਸ਼ਬਦਾਂ ਵਿਚ ਬਿਆਨ ਕਰਨ ਤੋਂ ਉੱਤੇ ਹੈ।

**ਨਵਜੋਤ ਸਿੱਧੂ ਕਿਉਂ ਨਹੀਂ ਜਾ ਸਕੇ**

ਨਵਜੋਤ ਸਿੰਘ ਸਿੱਧੂ ਨੇ ਕਿਹਾ ਸੀ ਕਿ ਉਹ ਨਿਮਾਣੇ ਸਿੱਖ ਵਾਂਗ ਅਪਲਾਈ ਕਰਨਗੇ ਅਤੇ ਪ੍ਰਵਾਨਗੀ ਮਿਲਣ ਤੋਂ ਬਾਅਦ ਹੀ ਕਰਤਾਰਪੁਰ ਸਾਹਿਬ ਜਾਣਗੇ।

ਆਸ ਕੀਤੀ ਜਾ ਰਹੀ ਸੀ ਕਿ ਉਹ ਵੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਜਾ ਰਹੇ ਮੰਤਰੀ ਮੰਡਲ ਦੇ ਵਫ਼ਦ ਦਾ ਹਿੱਸਾ ਹੋਣਗੇ, ਕਿਉਂ ਕਿ ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਉਨ੍ਹਾਂ ਨਾਲ ਜਾ ਰਹੇ ਹਨ।ਪਰ ਨਵਜੋਤ ਸਿੰਘ ਸਿੱਧੂ ਦੇ ਮੀਡੀਆ ਸਲਾਹਕਾਰ ਸੁਰਿੰਦਰ ਡੱਲਾ ਨੇ ਦਾਅਵਾ ਕੀਤਾ ਕਿ ਸਿੱਧੂ ਨੂੰ ਅਧਿਕਾਰਤ ਤੌਰ @ਤੇ ਸੂਚਿਤ ਕੀਤਾ ਗਿਆ ਹੈ ਕਿ ਉਹ 18 ਨਵੰਬਰ ਦੀ ਬਜਾਏ 20 ਨਵੰਬਰ ਨੂੰ ਦਰਸ਼ਨ ਲਈ ਜਾ ਸਕਦੇ ਹਨ।

ਪੰਜਾਬ ਦੇ ਅਮਨ ਭਾਈਚਾਰੇ ਲਈ ਅਰਦਾਸ

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਡੇਰਾ ਬਾਬਾ ਨਾਨਕ ਵਿਚ ਪੱਤਰਕਾਰਾਂ ਗੱਲਬਾਤ ਕਰਦਿਆਂ ਲਾਂਘਾ ਮੁੜ ਖੋਲ੍ਹਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਤੇ ਰਾਸ਼ਟਰਪਤੀ ਰਾਮਨਾਥ ਕੋਵਿਦ ਦਾ ਧੰਨਵਾਦ ਕੀਤਾ।


ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਅਸ਼ੀਰਵਾਦ ਨਾਲ ਹੀ ਇਹ ਸੰਭਵ ਹੋਇਆ ਹੈ ਤੇ ਗੁਰੂ ਸਾਹਿਬ ਨੇ ਪ੍ਰਧਾਨ ਮੰਤਰੀ ਮੋਦੀ ਤੋਂ ਇਹ ਸੇਵਾ ਲਈ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਉਹ ਤੇ ਭਾਜਪਾ ਦੇ ਦੂਜੇ ਆਗੂ ਕਰਤਾਰਪੁਰ ਸਾਹਿਬ ਜਾ ਕੇ ਗੁਰੂ ਦੇ ਦਰਬਾਰ ਵਿਚ ਪੰਜਾਬ ਦੀ ਅਮਨ ਸ਼ਾਂਤੀ ਅਤੇ ਭਾਈਚਾਰੇ ਲ਼ਈ ਅਰਦਾਸ ਕਰਨਗੇ।

ਕਰਤਾਰਪੁਰ ਸਾਹਿਬ ਦੀ ਮਹੱਤਤਾ

ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਭਾਰਤ ਦੀ ਸਰਹੱਦ ਤੋਂ ਚਾਰ ਕਿੱਲੋਮੀਟਰ ਦੂਰ ਹੈ। ਇਹ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਹੈ, ਜੋ ਲਾਹੌਰ ਤੋਂ 130 ਕਿਲੋਮੀਟਰ ਦੂਰ ਹੈ।



# ਰੇਤ ਦਾ ਸਮੁੰਦਰ ਸਹਾਰਾ ਮਾਰੂਥਲ

**ਮਿਸਰ ਦੀ ਜ਼ਿਆਦਾਤਰ ਖੇਤੀ ਇਸ ਨਦੀ 'ਤੇ ਨਿਰਭਰ ਹੈ। ਨਾਈਜਰ ਸਹਾਰਾ ਦੀ ਇੱਕ ਹੋਰ ਅਹਿਮ ਨਦੀ ਹੈ। ਅਲਜੀਰੀਆ ਦਾ ਹੋਗਰ ਅਤੇ ਲਿਬੀਆ ਦਾ ਟਿਬੇਸਟੀ ਇੱਥੋਂ ਦੇ ਪ੍ਰਮੁੱਖ ਪਰਬਤ ਹਨ ਜਿਨ੍ਹਾਂ ਦਾ ਨਿਰਮਾਣ ਜਵਾਲਾਮੁਖੀ ਦੁਆਰਾ ਲਿਆਂਦੇ ਲਾਵੇ ਰਾਹੀਂ ਹੋਇਆ। ਕਤਾਰਾ (ਮਿਸਰ) ਸਹਾਰਾ ਦੀ ਸਭ ਤੋਂ ਡੂੰਘੀ ਖਾਈ ਹੈ। ਸਹਾਰਾ ਦਾ ਤਾਪਮਾਨ ਆਮ ਤੌਰ 'ਤੇ ਉੱਚਾ ਹੀ ਰਹਿੰਦਾ ਹੈ। ਇੱਥੇ ਔਸਤ ਤਾਪਮਾਨ 40 ਤੋਂ 50 ਡਿਗਰੀ ਸੈਲਸੀਅਸ ਤਕ ਹੁੰਦਾ ਹੈ। ਕਈ ਵਾਰ ਦਿਨ ਸਮੇਂ ਤਾਪਮਾਨ 50 ਡਿਗਰੀ ਅਤੇ ਰਾਤ ਸਮੇਂ ਜਮਾਊ ਬਿੰਦੂ 'ਤੇ ਪੁੱਜ ਜਾਂਦਾ ਹੈ। ਸੰਸਾਰ ਦਾ ਉੱਚਤਮ ਤਾਪਮਾਨ 58 ਡਿਗਰੀ ਸੈਂਟੀਗ੍ਰੇਡ ਵੀ ਸਹਾਰਾ ਦੇ ਅਜ਼ੀਜ਼ੀਆ (ਅਲਜ਼ੀਰੀਆ) ਨਾਂ ਦੇ ਸਥਾਨ 'ਤੇ ਮਾਪਿਆ ਗਿਆ ਹੈ।**



*ਸਹਾਰਾ ਵਿੱਚ ਮਨੁੱਖੀ ਬਸਤੀਆਂ ਪਾਣੀ ਦੇ ਸੋਮਿਆਂ ਦੇ ਨੇੜੇ ਵਸਦੀਆਂ ਹਨ। ਨਖਲਿਸਤਾਨ ਰੇਗਿਸਤਾਨ ਵਿੱਚ ਪਾਣੀ ਦਾ ਚਸ਼ਮਾ ਜਾਂ ਸਰੋਤ ਹੁੰਦਾ ਹੈ ਜਿਸ ਦੇ ਆਲੇ-ਦੁਆਲੇ ਸੰਘਣੀ ਬਨਸਪਤੀ ਉੱਗੀ ਹੁੰਦੀ ਹੈ। ਸਹਾਰਾ ਦੀ ਵਸੋਂ ਤਕਰੀਬਨ ਚਾਲੀ ਲੱਖ ਹੈ। ਇਹ ਆਬਾਦੀ ਜ਼ਿਆਦਾਤਰ ਅਲਜ਼ੀਰੀਆ, ਮਿਸਰ, ਲਿਬੀਆ, ਮੁਰਤਾਨੀਆ ਅਤੇ ਪੱਛਮੀ ਸਹਾਰਾ ਵਿੱਚ ਵਸਦੀ ਹੈ। ਇੱਥੇ ਕਈ ਕਬੀਲਿਆਂ ਦੇ ਲੋਕ ਵਸਦੇ ਹਨ। ਇਹ ਕਬੀਲੇ ਖਾਨਾਬਦੋਸ਼ ਹਨ ਜੋ ਭੇਡਾਂ ਬੱਕਰੀਆਂ ਚਾਰਨ ਦੇ ਨਾਲ ਨਾਲ ਵਪਾਰ ਅਤੇ ਸ਼ਿਕਾਰ ਕਰਕੇ ਗੁਜ਼ਾਰਾ ਕਰਦੇ ਹਨ। ਕੁੱਝ ਲੋਕ ਵਪਾਰ ਕਰਨ ਲਈ ਸਹਾਰਾ ਦੇ ਇੱਕ ਹਿੱਸੇ ਤੋਂ ਦੂਜੇ ਹਿੱਸਿਆਂ ਵਿੱਚ ਘੁੰਮਦੇ ਰਹਿੰਦੇ ਹਨ ਜਿਨ੍ਹਾਂ ਨੂੰ ਕਾਰਵਾਂ ਵਪਾਰੀ ਕਿਹਾ ਜਾਂਦਾ ਹੈ।*

ਅਮਰਿੰਦਰ ਸਿੰਘ

ਇਸ ਮਾਰੂਥਲ ਦੀ ਸੀਮਾ ਪੂਰਬ ਵਿੱਚ ਲਾਲ ਸਾਗਰ, ਪੱਛਮ ਵਿੱਚ ਐਟਲਾਂਟਿਕ, ਉੱਤਰ ਵਿੱਚ ਭੂ-ਮੱਧ ਸਾਗਰ ਅਤੇ ਦੱਖਣ ਵਿੱਚ ਸਾਹੇਲ ਨਾਲ ਲੱਗਦੀ ਹੈ। ਸਾਹੇਲ ਨੀਮ ਖੁਸ਼ਕ ਇਲਾਕਾ ਹੈ ਜੋ ਸਹਾਰਾ ਨੂੰ ਸਵਾਨਾ ਘਾਹ ਮੈਦਾਨਾਂ ਤੋਂ ਵੱਖ ਕਰਦਾ ਹੈ। ਸਹਾਰਾ ਸ਼ਬਦ ਦੀ ਉਤਪਤੀ ਅਰਬੀ ਭਾਸ਼ਾ ਦੇ ਸ਼ਬਦ ਸਹਰਾ ਤੋਂ ਹੋਈ ਹੈ ਜਿਸ ਦਾ ਅਰਥ ਮਾਰੂਥਲ ਜਾਂ ਰੇਗਿਸਤਾਨ ਹੈ। ਇਹ ਮਾਰੂਥਲ ਅਫ਼ਰੀਕਾ ਮਹਾਂਦੀਪ ਵਿੱਚ ਚਾਡ, ਨਾਈਜਰ, ਅਲਜੀਰੀਆ, ਲਿਬੀਆ, ਮਿਸਰ, ਮੋਰੋਕੋ, ਮੁਰਤਾਨੀਆ, ਸੁਡਾਨ, ਟਿਊਨੀਸ਼ੀਆ ਆਦਿ ਮੁਲਕਾਂ ਵਿੱਚ ਫੈਲਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਭੂ-ਖੰਡ ਤਕਰੀਬਨ ਛੇ ਹਜ਼ਾਰ ਸਾਲ ਪਹਿਲਾਂ ਹਰਾ-ਭਰਿਆ ਸੀ, ਪਰ ਹੌਲੀ ਹੌਲੀ ਹਰਿਆਲੀ ਘਟਣ ਕਾਰਨ ਰੇਗਿਸਤਾਨ ਬਣ ਗਿਆ। ਇਹ ਚੱਟਾਨੀ ਅਤੇ ਰੇਤਲਾ ਮਾਰੂਥਲ ਹੈ। ਸਹਾਰਾ ਨੂੰ ਰੇਤ ਦਾ ਨਾ ਖ਼ਤਮ ਹੋਣ ਵਾਲਾ ਸਮੁੰਦਰ ਵੀ ਕਿਹਾ ਜਾਂਦਾ ਹੈ। ਇੱਥੇ ਵਗਣ ਵਾਲੀ ਹਵਾ ਰੇਤ ਦੇ ਟਿੱਲੇ ਬਣਾਉਂਦੀ ਰਹਿੰਦੀ ਹੈ। ਇਨ੍ਹਾਂ ਟਿੱਲਿਆਂ ਦੀ ਉਚਾਈ 700 ਫੁੱਟ ਤਕ ਹੋ ਸਕਦੀ ਹੈ। ਟਿੱਲਿਆਂ ਦੀਆਂ ਅਜੀਬ ਸ਼ਕਲਾਂ ਰੇਗਿਸਤਾਨ ਨੂੰ ਸੁੰਦਰਤਾ ਬਖ਼ਸ਼ਦੀਆਂ ਹਨ। ਸਹਾਰਾ ਵਿੱਚ ਉੱਚੇ ਪਹਾੜ, ਡੂੰਘੀਆਂ ਖਾਈਆਂ, ਝੀਲਾਂ, ਨਦੀਆਂ ਅਤੇ ਝਰਨੇ ਹਨ। ਨੀਲ ਨਦੀ ਸਹਾਰਾ ਦੀ ਜੀਵਨਦਾਤੀ ਹੈ ਜੋ ਮੱਧ ਅਫ਼ਰੀਕਾ ਤੋਂ ਸ਼ੁਰੂ ਹੋ ਕੇ ਭੂ-ਮੱਧ ਸਾਗਰ ਵਿੱਚ ਜਾ ਡਿੱਗਦੀ ਹੈ। ਮਿਸਰ ਦੀ ਜ਼ਿਆਦਾਤਰ ਖੇਤੀ ਇਸ ਨਦੀ 'ਤੇ ਨਿਰਭਰ ਹੈ। ਨਾਈਜਰ ਸਹਾਰਾ ਦੀ ਇੱਕ ਹੋਰ ਅਹਿਮ ਨਦੀ ਹੈ। ਅਲਜੀਰੀਆ ਦਾ ਹੋਗਰ ਅਤੇ ਲਿਬੀਆ ਦਾ ਟਿਬੇਸਟੀ ਇੱਥੋਂ ਦੇ ਪ੍ਰਮੁੱਖ ਪਰਬਤ ਹਨ ਜਿਨ੍ਹਾਂ ਦਾ ਨਿਰਮਾਣ ਜਵਾਲਾਮੁਖੀ ਦੁਆਰਾ ਲਿਆਂਦੇ ਲਾਵੇ ਰਾਹੀਂ ਹੋਇਆ। ਕਤਾਰਾ (ਮਿਸਰ) ਸਹਾਰਾ ਦੀ ਸਭ ਤੋਂ ਡੂੰਘੀ ਖਾਈ ਹੈ। ਸਹਾਰਾ ਦਾ ਤਾਪਮਾਨ ਆਮ ਤੌਰ 'ਤੇ ਉੱਚਾ ਹੀ ਰਹਿੰਦਾ ਹੈ। ਇੱਥੇ ਔਸਤ ਤਾਪਮਾਨ 40 ਤੋਂ 50 ਡਿਗਰੀ ਸੈਲਸੀਅਸ ਤਕ ਹੁੰਦਾ ਹੈ। ਕਈ ਵਾਰ ਦਿਨ ਸਮੇਂ ਤਾਪਮਾਨ 50 ਡਿਗਰੀ ਅਤੇ ਰਾਤ ਸਮੇਂ ਜਮਾਊ ਬਿੰਦੂ 'ਤੇ ਪੁੱਜ ਜਾਂਦਾ ਹੈ। ਸੰਸਾਰ ਦਾ ਉੱਚਤਮ ਤਾਪਮਾਨ 58 ਡਿਗਰੀ ਸੈਂਟੀਗ੍ਰੇਡ ਵੀ ਸਹਾਰਾ ਦੇ ਅਜ਼ੀਜ਼ੀਆ (ਅਲਜ਼ੀਰੀਆ) ਨਾਂ ਦੇ ਸਥਾਨ 'ਤੇ ਮਾਪਿਆ ਗਿਆ ਹੈ। ਸਹਾਰਾ ਵਿੱਚ ਮੀਂਹ ਬਹੁਤ ਹੀ ਘੱਟ ਪੈਂਦਾ ਹੈ। ਵਰਖਾ ਤੇਜ਼ ਬੁਛਾੜਾਂ ਵਾਂਗ ਹੁੰਦੀ ਹੈ ਜਿਸ ਨਾਲ ਇੱਕ ਵਾਰ ਵਿੱਚ ਹੀ ਸਾਲਾਨਾ ਔਸਤ ਜਿੰਨੀ ਵਰਖਾ ਹੋ ਜਾਂਦੀ ਹੈ। ਇੱਥੇ ਚੱਲਦੀਆਂ ਗਰਮ ਹਵਾਵਾਂ ਸਹਾਰਾ ਦੀ ਲਾਲ ਮਿੱਟੀ ਨੂੰ ਭੂ-ਮੱਧ ਸਾਗਰ ਦੇ ਦੂਜੇ ਪਾਸੇ ਯੂਰੋਪ ਵੱਲ ਲੈ ਜਾਂਦੀਆਂ ਹਨ। ਇਨ੍ਹਾਂ ਨੂੰ ਯੂਰੋਪ ਵਿੱਚ ਖ਼ੂਨੀ ਵਰਖਾ ਦਾ ਨਾਂ ਦਿੱਤਾ ਜਾਂਦਾ ਹੈ ਕਿਉਂਕਿ ਇਹ ਖੁਸ਼ਕ ਤੇ ਗਰਮ ਹੋਣ ਕਾਰਨ ਫ਼ਸਲਾਂ ਨੂੰ ਸੁਕਾ ਦਿੰਦੀਆਂ ਹਨ। ਇੱਥੇ ਵਧੇਰੇ ਤਾਪਮਾਨ ਅਤੇ ਘੱਟ ਵਰਖਾ ਕਾਰਨ ਬਨਸਪਤੀ ਬਹੁਤ ਘੱਟ ਉੱਗਦੀ ਹੈ। ਸਿਰਫ਼ ਕੰਡੇਦਾਰ ਝਾੜੀਆਂ, ਥੋਹਰ, ਛੋਟੀਆਂ ਜੜ੍ਹੀਆਂ-ਬੂਟੀਆਂ ਅਤੇ ਘਾਹ ਹੀ ਹੁੰਦਾ ਹੈ। ਇੱਥੇ ਮਿਲਣ ਵਾਲੇ ਪੌਦੇ ਕੰਡੇਦਾਰ ਅਤੇ ਗੁੱਦੇਦਾਰ ਹੁੰਦੇ ਹਨ ਜੋ ਗਰਮ ਅਤੇ ਖੁਸ਼ਕ ਵਾਤਾਵਰਨ ਵਿੱਚ ਆਪਣੇ ਆਪ ਨੂੰ ਢਾਲ ਲੈਂਦੇ ਹਨ। ਇਨ੍ਹਾਂ ਪੌਦਿਆਂ ਦੀਆਂ ਜੜ੍ਹਾਂ ਦੂਰ ਤਕ ਫੈਲੀਆਂ ਹੁੰਦੀਆਂ ਹਨ ਤਾਂ ਜੋ ਪਾਣੀ ਅਤੇ ਨਮੀ ਨੂੰ ਸੋਖ ਸਕਣ। ਪੌਦੇ ਕੰਡੇਦਾਰ ਹੋਣ ਕਾਰਨ ਵਾਸ਼ਪ ਉਤਸਰਜਨ ਦੀ ਦਰ ਬਹੁਤ ਘੱਟ ਜਾਂਦੀ ਹੈ। ਖਜੂਰ, ਕੈਕਟਸ ਇੱਥੇ ਮਿਲਣ ਵਾਲੇ ਮੁੱਖ ਰੁੱਖ ਹਨ। ਖਜੂਰ ਨੂੰ ਅਰਬਾਂ ਦੁਆਰਾ ਲਿਆਂਦਾ ਗਿਆ ਸੀ ਜੋ ਰੇਗਿਸਤਾਨ ਵਿੱਚ ਜਿਉਂਦੇ ਰਹਿਣ ਲਈ ਬਹੁਤ ਹੀ ਜ਼ਰੂਰੀ ਹੈ। ਖਜੂਰ ਊਰਜਾ ਦੇਣ ਵਾਲਾ ਫਲ ਹੈ ਅਤੇ ਇਸ ਦੇ ਪੱਤਿਆਂ ਤੋਂ ਟੋਕਰੀਆਂ, ਮੈਟ ਅਤੇ ਰੱਸੀਆਂ ਬਣਦੀਆਂ ਹਨ। ਸਹਾਰਾ ਇੰਨਾ ਗਰਮ ਹੋਣ ਦੇ ਬਾਵਜੂਦ ਬਹੁਤ ਸਾਰੇ ਜਾਨਵਰਾਂ ਤੇ ਪੰਛੀਆਂ ਦਾ ਘਰ ਹੈ। ਇੱਥੇ ਰਹਿਣ ਵਾਲੇ ਜੀਵ-ਜੰਤੂ ਬੂਟੇ ਅਤੇ ਸੁੱਕਾ ਘਾਹ ਖਾ ਕੇ ਗੁਜ਼ਾਰਾ ਕਰਦੇ ਹਨ। ਇਨ੍ਹਾਂ ਵਿੱਚੋਂ ਊਠ ਮੁੱਖ ਤੌਰ 'ਤੇ ਜ਼ਿਕਰਯੋਗ ਹੈ ਜਿਸ ਨੂੰ ਰੇਗਿਸਤਾਨ ਦਾ ਜ਼ਹਾਜ ਮੰਨਿਆ ਜਾਂਦਾ ਹੈ। ਇਸ ਦੇ ਪੈਰਾਂ ਦੇ ਪੰਜੇ ਚੌੜੇ ਹੋਣ ਕਰਕੇ ਰੇਤ ਵਿੱਚ ਨਹੀਂ ਧੱਸਦੇ। ਇਹ ਇੱਕ ਵਾਰ ਵਿੱਚ ਤਕਰੀਬਨ 30 ਲੀਟਰ ਪਾਣੀ ਪੀ ਸਕਦਾ ਹੈ ਅਤੇ ਬਗੈਰ ਭੋਜਨ ਤੇ ਪਾਣੀ ਤੋਂ ਕਈ ਦਿਨਾਂ ਤਕ ਰਹਿ ਸਕਦਾ ਹੈ। ਇਸ ਤੋਂ ਇਲਾਵਾ ਇੱਥੇ ਰੇਝ, ਸੱਪ, ਬਿੱਛੂ, ਮਾਰੂਥਲੀ ਲੂੰਬੜੀ, ਜ਼ਹਿਰੀਲੇ ਕੀੜੇ ਆਦਿ ਮਿਲਦੇ ਹਨ। ਸਹਾਰਾ ਵਿੱਚ ਮਨੁੱਖੀ ਬਸਤੀਆਂ ਪਾਣੀ ਦੇ ਸੋਮਿਆਂ ਦੇ ਨੇੜੇ ਵਸਦੀਆਂ ਹਨ। ਨਖਲਿਸਤਾਨ ਰੇਗਿਸਤਾਨ ਵਿੱਚ ਪਾਣੀ ਦਾ ਚਸ਼ਮਾ ਜਾਂ ਸਰੋਤ ਹੁੰਦਾ ਹੈ ਜਿਸ ਦੇ ਆਲੇ-ਦੁਆਲੇ ਸੰਘਣੀ ਬਨਸਪਤੀ ਉੱਗੀ ਹੁੰਦੀ ਹੈ। ਸਹਾਰਾ ਦੀ ਵਸੋਂ ਤਕਰੀਬਨ ਚਾਲੀ ਲੱਖ ਹੈ। ਇਹ ਆਬਾਦੀ ਜ਼ਿਆਦਾਤਰ ਅਲਜ਼ੀਰੀਆ, ਮਿਸਰ, ਲਿਬੀਆ, ਮੁਰਤਾਨੀਆ ਅਤੇ ਪੱਛਮੀ ਸਹਾਰਾ ਵਿੱਚ ਵਸਦੀ ਹੈ। ਇੱਥੇ ਕਈ ਕਬੀਲਿਆਂ ਦੇ ਲੋਕ ਵਸਦੇ ਹਨ। ਇਹ ਕਬੀਲੇ ਖਾਨਾਬਦੋਸ਼ ਹਨ ਜੋ ਭੇਡਾਂ ਬੱਕਰੀਆਂ ਚਾਰਨ ਦੇ ਨਾਲ ਨਾਲ ਵਪਾਰ ਅਤੇ ਸ਼ਿਕਾਰ ਕਰਕੇ ਗੁਜ਼ਾਰਾ ਕਰਦੇ ਹਨ। ਕੁੱਝ ਲੋਕ ਵਪਾਰ ਕਰਨ ਲਈ ਸਹਾਰਾ ਦੇ ਇੱਕ ਹਿੱਸੇ ਤੋਂ ਦੂਜੇ ਹਿੱਸਿਆਂ ਵਿੱਚ ਘੁੰਮਦੇ ਰਹਿੰਦੇ ਹਨ ਜਿਨ੍ਹਾਂ ਨੂੰ ਕਾਰਵਾਂ ਵਪਾਰੀ ਕਿਹਾ ਜਾਂਦਾ ਹੈ। ਕਾਰਵਾਂ ਦਾ ਅਰਥ ਲੋਕਾਂ ਦੇ ਸਮੂਹ ਦਾ ਵਪਾਰਕ ਯਾਤਰਾ 'ਤੇ ਜਾਣਾ ਹੈ। ਪੁਰਾਣੇ ਸਮਿਆਂ ਵਿੱਚ ਊਠਾਂ ਨੂੰ ਕਾਰਵਾਂ ਯਾਤਰਾ 'ਤੇ ਲਿਜਾਣ ਤੋਂ ਪਹਿਲਾਂ ਮੈਦਾਨਾਂ ਵਿੱਚ ਚਰਾ ਕੇ ਮੋਟਾ ਤਾਜ਼ਾ ਕੀਤਾ ਜਾਂਦਾ ਸੀ। ਕਾਰਵਾਂ ਦੀ ਅਗਵਾਈ ਬਰਬਰ ਕਬੀਲੇ ਵੱਲੋਂ ਕੀਤੀ ਜਾਂਦੀ ਸੀ ਜਿਸ ਲਈ ਉਹ ਕਾਫ਼ੀ ਪੈਸੇ ਲੈਂਦੇ ਸਨ। ਉਨ੍ਹਾਂ ਦਾ ਮੁੱਖ ਕੰਮ ਹਮਲਾਵਰਾਂ ਤੋਂ ਵਪਾਰੀਆਂ ਦੀ ਹਿਫ਼ਾਜ਼ਤ ਕਰਨਾ ਹੁੰਦਾ ਸੀ। ਕੁੱਝ ਤੇਜ਼ ਦੌੜਾਕਾਂ ਨੂੰ ਕਾਰਵਾਂ ਵਾਸਤੇ ਪਾਣੀ ਲੈਣ ਲਈ ਅੱਗੇ ਭੇਜ ਦਿੱਤਾ ਜਾਂਦਾ ਸੀ। ਤੌਰੇਗ ਅਤੇ ਬਦੂ ਇੱਥੇ ਆਵਾਸ ਕਰਨ ਵਾਲੇ ਮੁੱਖ ਕਬੀਲੇ ਹਨ। ਤੌਰੇਗ ਖਾਨਾਬਦੋਸ਼ ਲੋਕ ਹਨ ਜੋ ਰੋਜ਼ੀ ਰੋਟੀ ਲਈ ਇੱਕ ਤੋਂ ਦੂਜੀ ਜਗ੍ਹਾ ਘੁੰਮਦੇ ਰਹਿੰਦੇ ਹਨ। ਇਸਲਾਮ ਧਰਮ ਦਾ ਦਬਦਬਾ ਹੋਣ ਦੇ ਬਾਵਜੂਦ ਤੌਰੇਗਾ ਨੇ ਆਪਣੇ ਰੀਤੀ-ਰਿਵਾਜਾਂ ਨੂੰ ਕਾਇਮ ਰੱਖਿਆ ਹੋਇਆ ਹੈ। ਇਸ ਕਬੀਲੇ ਵਿੱਚ ਔਰਤ ਘਰ ਦੀ ਮੁਖੀ ਹੁੰਦੀ ਹੈ। ਮਰਦ ਆਪਣੀ ਪਤਨੀ ਜਾਂ ਪ੍ਰੇਮਿਕਾ ਤੋਂ ਬਗੈਰ ਕਿਸੇ ਹੋਰ ਔਰਤ ਸਾਹਮਣੇ ਖਾਣਾ ਵੀ ਨਹੀਂ ਖਾ ਸਕਦੇ। ਮਰਦ ਆਪਣਾ ਮੂੰਹ ਜਾਮਣੀ ਰੰਗ ਦੇ ਪਰਦੇ ਨਾਲ ਢੱਕ ਕੇ ਰੱਖਦੇ ਹਨ ਜੋ ਉਨ੍ਹਾਂ ਦੇ ਚਿਹਰੇ 'ਤੇ ਨੀਲੀ ਛਾਪ ਛੱਡਦਾ ਹੈ। ਇਸੇ ਕਾਰਨ ਉਨ੍ਹਾਂ ਨੂੰ ਸਹਾਰਾ ਦੇ ਨੀਲੇ ਆਦਮੀ ਵੀ ਕਿਹਾ ਜਾਂਦਾ ਹੈ। ਤੌਰੇਗ ਔਰਤਾਂ ਆਪਣਾ ਚਿਹਰਾ ਨਹੀਂ ਢਕਦੀਆਂ ਕਿਉਂਕਿ ਤੌਰੇਗ ਲੋਕਾਂ ਦਾ ਮੱਤ ਹੈ ਕਿ ਔਰਤਾਂ ਸੁੰਦਰ ਹੋਣ ਕਾਰਨ ਮਰਦ ਉਨ੍ਹਾਂ ਨੂੰ ਦੇਖਣਾ ਪਸੰਦ ਕਰਦੇ ਹਨ। ਬਦੂ ਵੀ ਇੱਕ ਟੱਪਰੀਵਾਸ ਕਬੀਲਾ ਹੈ ਜੋ ਊਠਾਂ, ਭੇਡਾਂ ਅਤੇ ਬੱਕਰੀਆਂ ਦੇ ਝੁੰਡਾਂ ਨਾਲ ਚਰਾਗਾਹਾਂ ਦੀ ਭਾਲ ਵਿੱਚ ਘੁੰਮਦੇ ਰਹਿੰਦੇ ਹਨ। ਉਹ ਆਪਣੇ ਆਪ ਨੂੰ 'ਤੰਬੂਆਂ ਵਾਲੇ ਲੋਕ' ਕਹਿੰਦੇ ਹਨ। ਇਹ ਲੋਕ ਆਪਣੀ ਮਹਿਮਾਨਨਿਵਾਜ਼ੀ ਲਈ ਪ੍ਰਸਿੱਧ ਹਨ। ਇਹ ਲੋਕ ਗਰਮੀ ਤੋਂ ਬਚਾਅ ਕਰਨ ਲਈ ਖੁੱਲ੍ਹੇ ਅਤੇ ਢਿੱਲੇ ਕੱਪੜੇ ਪਾਉਂਦੇ ਹਨ। ਇਸ ਤੋਂ ਇਲਾਵਾ ਇੱਥੇ ਹੌਸਾ, ਤੱਬੂ, ਨਿਊਬੀਅਨ, ਸਹਰਵੀ ਕਬੀਲੇ ਰਹਿੰਦੇ ਹਨ। ਸਹਾਰਾ 'ਤੇ ਤਕਰੀਬਨ ਇੱਕ ਸਦੀ ਪੱਛਮੀ ਮੁਲਕਾਂ ਦਾ ਰਾਜ ਰਿਹਾ। ਉਨ੍ਹਾਂ ਨੇ ਇਸ ਖੇਤਰ ਦੇ ਵਿਕਾਸ ਨੂੰ ਜ਼ਿਆਦਾ ਤਵੱਜੋ ਨਹੀਂ ਦਿੱਤੀ। ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਸਹਾਰਾ ਦੇ ਬਹੁਤ ਸਾਰੇ ਮੁਲਕ ਆਜ਼ਾਦ ਹੋ ਗਏ। ਦੂਜੀ ਆਲਮੀ ਜੰਗ ਮਗਰੋਂ ਤੇਲ ਦੀ ਖੋਜ ਨੇ ਬਾਕੀ ਮੁਲਕਾਂ ਦਾ ਧਿਆਨ ਇਸ ਖਿੱਤੇ ਵੱਲ ਖਿੱਚਿਆ। ਕੁੱਝ ਸਾਲਾਂ ਪਿੱਛੋਂ ਖਣਿਜ ਪਦਾਰਥਾਂ ਦੀ ਖੋਜ ਹੋਈ। ਅੱਜਕੱਲ੍ਹ ਸਹਾਰਾ ਦੁਨੀਆ ਦਾ ਮੁੱਖ ਪੈਟਰੋਲੀਅਮ ਉਤਪਾਦਕ ਖੇਤਰ ਹੈ। ਅਲਜ਼ੀਰੀਆ ਅਤੇ ਲਿਬੀਆ ਵਿੱਚ ਤੇਲ ਅਤੇ ਗੈਸ ਦੇ ਭੰਡਾਰ ਹਨ। ਕੱਚਾ ਲੋਹਾ ਪੱਛਮੀ ਮੁਰਤਾਨੀਆ ਵਿੱਚ ਕੱਢਿਆ ਜਾਂਦਾ ਹੈ। ਯੂਰੇਨੀਅਮ ਪੂਰੇ ਸਹਾਰਾ ਖਿੱਤੇ ਵਿੱਚ ਉਪਲੱਬਧ ਹੈ, ਪਰ ਨਾਈਜਰ ਵਿੱਚ ਇਹ ਕਾਫ਼ੀ ਮਾਤਰਾ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਇੱਥੇ ਕੋਲਾ, ਕੁਦਰਤੀ ਗੈਸ ਅਤੇ ਤਾਂਬੇ ਦੇ ਵੀ ਭੰਡਾਰ ਹਨ। ਉਂਜ, ਸਥਾਨਕ ਲੋਕਾਂ ਨੂੰ ਇਨ੍ਹਾਂ ਖੋਜਾਂ ਤੋਂ ਫ਼ਾਇਦੇ ਦੀ ਬਜਾਏ ਨੁਕਸਾਨ ਹੀ ਹੋਇਆ ਹੈ। ਉਨ੍ਹਾਂ ਨੂੰ ਤੇਲ ਕੰਪਨੀਆਂ ਵਿੱਚ ਕੰਮ ਮਿਲ ਗਿਆ ਹੈ, ਪਰ ਕੰਮ ਅਸਥਾਈ ਹਨ। ਪਰਵਾਸ ਕਾਰਨ ਕਸਬਿਆਂ ਵਿੱਚ ਵਸੋਂ ਘਣਤਾ ਵਧ ਰਹੀ ਹੈ। ਖਾਣਾਂ ਦਾ ਖੇਤਰਫਲ ਦਿਨੋ-ਦਿਨ ਵਧਣ ਕਾਰਨ ਨਿਵਾਸ ਅਤੇ ਚਰਾਗਾਹਾਂ ਲਈ ਜਗ੍ਹਾ ਘਟ ਰਹੀ ਹੈ। ਇਸ ਨਾਲ ਇਨ੍ਹਾਂ ਦੀ ਰਵਾਇਤੀ ਜੀਵਨ ਸ਼ੈਲੀ ਤਹਿਸ-ਨਹਿਸ ਹੋ ਰਹੀ ਹੈ। ਸਹਾਰਾ ਵਿੱਚ ਪੌਣ ਊਰਜਾ ਅਤੇ ਸੌਰ ਊਰਜਾ ਦੀਆਂ ਕਾਫ਼ੀ ਸੰਭਾਵਨਾਵਾਂ ਮੌਜੂਦ ਹਨ। ਜੇਕਰ ਇਸ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਸਹਾਰਾ ਖੇਤਰ ਦੀਆਂ ਊਰਜਾ ਸਬੰਧੀ ਲੋੜਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਇਸ ਲਈ ਇੱਥੇ ਸੋਲਰ ਪਲਾਂਟ ਲੱਗ ਰਹੇ ਹਨ। ਇਸ ਖਿੱਤੇ ਨੂੰ ਜਲਵਾਯੂ ਤਬਦੀਲੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੇ ਸਿੱਟੇ ਵਜੋਂ ਰੇਤਲੇ ਇਲਾਕੇ ਵਿੱਚ ਲਗਾਤਾਰ ਇਜ਼ਾਫ਼ਾ ਹੋ ਰਿਹਾ ਹੈ। ਪਿਛਲੇ ਸਾਲ ਹੋਈ ਬਰਫ਼ਬਾਰੀ ਵੀ ਜਲਵਾਯੂ ਪਰਿਵਰਤਨ ਦਾ ਹੀ ਨਤੀਜਾ ਹੈ। ਇਸ ਮਾਰੂਥਲ ਦੇ ਨਾਲ ਲੱਗਦੇ ਖੇਤਰ ਨੂੰ ਰੇਗਿਸਤਾਨ ਵਿੱਚ ਤਬਦੀਲ ਹੋਣ ਤੋਂ ਬਚਾਉਣ ਲਈ ਅਫ਼ਰੀਕੀ ਯੂਨੀਅਨ ਦੇ ਮੁਲਕਾਂ ਦੁਆਰਾ 'ਮਹਾਨ ਹਰਿਆਲੀ ਕੰਧ' ਮੁਹਿੰਮ ਤਹਿਤ ਪੂਰਬ ਤੋਂ ਪੱਛਮ ਵੱਲ ਰੁੱਖਾਂ ਦੀ ਇੱਕ ਕਤਾਰ ਲਗਾਈ ਗਈ ਹੈ।

# ਚਿੱਕੜ ਦੇ ਕੰਵਲ




ਦੇਵ ਕੁਰਾਈਵਾਲਾ

ਲਗਪਗ ਹਰ ਇਨਸਾਨ ਦੀ ਸੋਚ ਨੂੰ ਉਸਦਾ ਆਲਾ ਦੁਆਲਾ ਅਤੇ ਉਸਦਾ ਪਰਿਵਾਰ ਪ੍ਰਭਾਵਿਤ ਕਰਦਾ ਹੈ। ਬਹੁਤ ਘੱਟ ਇਨਸਾਨ ਹੁੰਦੇ ਹਨ ਜੋ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਦੇ ਅਸਰ ਤੋਂ ਬਚਦੇ ਹਨ। ਇੱਕ ਸਾਧਾਰਨ ਮਨੁੱਖ ਆਪਣੇ ਆਪ ਨੂੰ ਜ਼ਿਆਦਾ ਨਹੀਂ ਬਦਲ ਸਕਦਾ, ਉਹ ਜਿਸ ਸੋਚ ਵਿੱਚ ਪੈਦਾ ਹੁੰਦਾ ਹੈ, ਉਸੇ ਸੋਚ ਵਿੱਚ ਹੀ ਮਰ ਜਾਂਦਾ ਹੈ। ਉਸਦਾ ਸੁਭਾਅ ਉਸਦੀ ਸੋਚ ਜੋ ਜਨਮ ਤੋਂ ਬਣ ਗਈ, ਉਹੀ ਅਖੀਰੀ ਦਮ ਤਕ ਰਹਿੰਦੀ ਹੈ। ਇਨ੍ਹਾਂ ਲੋਕਾਂ ਨੂੰ ਮਾਹੌਲ ਦੀਆਂ ਕੰਧਾਂ ਇੰਨਾ ਘੇਰ ਲੈਂਦੀਆਂ ਹਨ ਕਿ ਇਹ ਉਸ ਤੋਂ ਅੱਗੇ ਕੁੱਝ ਦੇਖ ਹੀ ਨਹੀਂ ਸਕਦੇ ਹੁੰਦੇ। ਬਹੁਤ ਲੋਕ ਇਸੇ ਮਾਹੌਲ ਦੇ ਵੇਗ ਵਿੱਚ ਵਹਿ ਜਾਂਦੇ ਹਨ। ਉਨ੍ਹਾਂ ਦੀ ਆਪਣੀ ਕੋਈ ਦਿਸ਼ਾ ਨਹੀਂ ਰਹਿੰਦੀ, ਬਸ ਇਹ ਮਾਹੌਲ ਦਾ ਵੇਗ ਉਨ੍ਹਾਂ ਨੂੰ ਜਿੱਧਰ ਨੂੰ ਤੋਰਦਾ ਹੈ, ਉਹ ਤੁਰਨ ਲੱਗਦੇ ਹਨ। ਫਿਰ ਇਹੀ ਮਾਹੌਲ ਉਨ੍ਹਾਂ ਲੋਕਾਂ ਦਾ ਪਿਛੋਕੜ ਜਾਂ ਖ਼ਾਨਦਾਨ ਬਣ ਜਾਂਦਾ ਹੈ। ਸਮਾਜ ਵੱਲੋਂ ਉਨ੍ਹਾਂ ਦੀਆਂ ਸਭ ਪੀੜ੍ਹੀਆਂ ਨੂੰ ਇੱਕੋ ਦਰਜਾ ਦਿੱਤਾ ਜਾਂਦਾ ਹੈ ਤੇ ਇਸ ਪਿਛੋਕੜ ਦੇ ਆਧਾਰ 'ਤੇ ਹੀ ਇੱਕ ਚੰਗਾ ਖ਼ਾਨਦਾਨ ਜਾਂ ਮਾੜਾ ਖ਼ਾਨਦਾਨ ਪਹਿਚਾਣ ਵਜੋਂ ਹੋਂਦ ਵਿੱਚ ਆਉਂਦਾ ਹੈ, ਪਰ ਕੁਝ ਇਨਸਾਨ ਕੁਝ ਖ਼ਾਸ ਕਿਸਮ ਦੇ ਹੁੰਦੇ ਹਨ ਜਿਨ੍ਹਾਂ ਦਾ ਸੁਭਾਅ, ਸ਼ੌਕ ਤੇ ਆਦਤਾਂ ਆਮ ਲੋਕਾਂ ਨਾਲੋਂ ਵੱਖਰੀਆਂ ਹੁੰਦੀਆਂ ਹਨ। ਇਨ੍ਹਾਂ ਦਾ ਮਾਹੌਲ ਕਿੰਨਾ ਵੀ ਡੂੰਘੇ ਚਿੱਕੜ ਦਾ ਚੀਲਾ ਹੋਵੇ, ਪਰ ਇਹ ਆਪਣੀ ਸ਼ਖ਼ਸੀਅਤ ਨੂੰ ਕੰਵਲ ਬਣਾ ਹੀ ਲੈਂਦੇ ਹਨ। ਇਸ ਲਈ ਲੋੜ ਹੁੰਦੀ ਹੈ ਇੱਕ ਦਿਸ਼ਾ ਨਿਰਦੇਸ਼ ਦੀ, ਇੱਕ ਰਾਹ ਵਿਖਾਵੇ ਦੀ। ਇਹ ਲੋਕ ਆਪਣੇ ਆਪ ਪ੍ਰਤੀ ਇੰਨੇ ਗੰਭੀਰ ਹੁੰਦੇ ਹਨ ਕਿ ਇਹ ਸਿਰਫ਼ ਇੱਕ ਸਹਾਰਾ ਭਾਲਦੇ ਹਨ ਤੇ ਫਿਰ ਉਸੇ ਸਹਾਰੇ ਨੂੰ ਸੌ ਸਹਾਰੇ ਆਪ ਦਿੰਦੇ ਹਨ। ਇਹ ਲੋਕ ਅੱਕ ਦੇ ਬੂਟੇ ਨੂੰ ਤੂਤ ਦੀ ਪਿਓਂਦ ਲਾਉਣ ਬਾਰੇ ਸੋਚਦੇ ਹਨ। ਇਹ ਉਹ ਲੋਕ ਹੁੰਦੇ ਹਨ ਜੋ ਇੱਕ ਇੱਕ ਦੀਵੇ ਨੂੰ ਜਗਾ ਕੇ ਦੀਵਾਲੀ ਬਣਾਉਂਦੇ ਹਨ। ਇਹ ਲੋਕ ਮਨੁੱਖ ਵਿੱਚੋਂ ਮਨੁੱਖਤਾ ਲੱਭਣ ਲਈ ਸੋਚਦੇ ਹਨ ਤੇ ਹਰੇਕ ਇਨਸਾਨ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਮਨੁੱਖ ਅਸਲ ਵਿੱਚ ਹੈ ਕੀ? ਇਹ ਲੋਕ ਦੱਸਦੇ ਹਨ ਕਿ ਸੱਚ ਵਿੱਚ ਇੱਜ਼ਤ ਨਾਲ ਤੇ ਸਾਧਾਰਨ ਜ਼ਿੰਦਗੀ ਜਿਉਣ ਦਾ ਸਵਾਦ ਹੀ ਜ਼ਿੰਦਗੀ ਹੈ। ਬੰਦਾ ਜਦੋਂ ਅੰਦਰੋਂ ਤੇ ਬਾਹਰੋਂ ਇੱਕੋ ਜਿਹਾ ਹੋਵੇ ਤਾਂ ਜੋ ਆਤਮ ਵਿਸ਼ਵਾਸ ਦਾ ਹੁਲਾਰਾ ਬੰਦੇ ਨੂੰ ਮਿਲਦਾ ਹੈ, ਉਸ ਨਾਲ ਬੰਦਾ ਧੁਰ ਅੰਦਰ ਤਕ ਸੁਗੰਧਿਤ ਹੋ ਜਾਂਦਾ ਹੈ। ਜਦੋਂ ਅਸੀਂ ਸੋਚ ਚੰਗੀ ਕਰ ਲੈਂਦੇ ਹਾਂ ਤਾਂ ਇਸ ਸੋਚ ਦੀ ਸੁੱਚੀ ਖ਼ੁਸ਼ਬੋ ਸਾਡੀ ਜ਼ਿੰਦਗੀ ਨੂੰ ਵੀ ਮਹਿਕਾ ਦਿੰਦੀ ਹੈ। ਸੁੱਚਤਾ ਦੇ ਝਰਨੇ ਸਾਡੇ ਮਨ ਤਨ 'ਤੇ ਲੱਗੇ ਭੈੜੀ ਸੰਗਤ ਦੇ ਦਾਗ ਧੋ ਕੇ ਸਾਡੀ ਤਬੀਅਤ ਨੂੰ ਨਿਖਾਰ ਦਿੰਦੇ ਹਨ। ਸਾਡੀ ਸੋਚ 'ਤੇ ਜੰਮੀ ਗਰਦ ਜਦੋਂ ਕਦੇ ਲਹਿੰਦੀ ਹੈ ਤਾਂ ਅੰਦਰੋਂ ਨਿਕਲਿਆ ਬੰਦਾ ਵੇਖ ਕੇ ਹੀ ਪਤਾ ਲੱਗਦਾ ਹੈ ਕਿ ਬੰਦਾ ਸੱਚ ਵਿੱਚ ਹੀ ਕਿੰਨਾ ਮਹਾਨ ਹੈ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕੀਤੇ ਮਾੜੇ ਕੰਮ, ਗ਼ਲਤ ਸੋਚ, ਈਰਖਾ, ਨਫ਼ਰਤ, ਲਾਲਚ ਅਸਲ ਵਿੱਚ ਇਹ ਚੀਜ਼ਾਂ ਇਨਸਾਨ ਵਿੱਚੋਂ ਇਨਸਾਨ ਨੂੰ ਬਾਹਰ ਹੀ ਨਹੀਂ ਆਉਣ ਦਿੰਦੀਆਂ, ਪਰ ਇਨਸਾਨ ਨੂੰ ਜਦੋਂ ਇਨਸਾਨੀਅਤ ਦੀ ਸਮਝ ਆ ਜਾਂਦੀ ਹੈ ਤਾਂ ਉਹ ਇਨ੍ਹਾਂ ਗੱਲਾਂ ਤੋਂ ਬਹੁਤ ਦੂਰ ਹੋ ਕੇ ਜਿਉਣ ਲੱਗਦਾ ਹੈ। ਗ਼ਲਤ ਸੋਚ, ਈਰਖਾ, ਨਫ਼ਰਤ ਤੇ ਲਾਲਚ ਤੋਂ ਦੂਰ ਹੋਏ ਇਹੀ ਲੋਕ ਹੁੰਦੇ ਹਨ ਜੋ ਸਰੀਰ ਤੋਂ ਮਨ ਤਕ ਦਾ ਸਫ਼ਰ ਤੈਅ ਕਰਦੇ ਹਨ। ਇਹ ਲੋਕ ਸਰੀਰਿਕ ਸੁੱਖ ਦੀ ਥਾਂ ਮਾਨਸਿਕ ਸੁੱਖ ਨੂੰ ਤਰਜੀਹ ਦਿੰਦੇ ਹਨ। ਇਨ੍ਹਾਂ ਦੀ ਸੋਚ ਵੱਡੇ ਮਕਾਨ ਬਣਾਉਣ ਦੀ ਨਹੀਂ, ਸਗੋਂ ਇਨ੍ਹਾਂ ਦੀ ਸੋਚ ਮਕਾਨ ਵਿੱਚ ਵਧੀਆ ਤਰੀਕੇ ਨਾਲ ਰਹਿਣ ਦੀ ਹੁੰਦੀ ਹੈ। ਇਹ ਲੋਕ ਵੱਧ ਤੋਂ ਵੱਧ ਕਮਾਉਣ ਦੀ ਨਹੀਂ ਸੋਚਦੇ। ਇਨ੍ਹਾਂ ਕੋਲ ਜਿੰਨਾ ਹੁੰਦਾ ਹੈ, ਉਸੇ ਨੂੰ ਹੀ ਸਹੀ ਤਰੀਕੇ ਨਾਲ ਵਰਤਣ ਦੀ ਸੋਚਦੇ ਹਨ। ਇਨ੍ਹਾਂ ਦਾ ਮਕਸਦ ਭੱਜ ਕੇ ਹਫਣਾ ਨਹੀਂ ਹੁੰਦਾ, ਸਗੋਂ ਇਨ੍ਹਾਂ ਦਾ ਮਕਸਦ ਸਫ਼ਰ ਦੇ ਹਰੇਕ ਪੜਾਅ 'ਤੇ ਆਨੰਦ ਲੈਣਾ ਹੁੰਦਾ ਹੈ। ਇਹ ਲੋਕ ਖ਼ੁਦ ਨੂੰ ਆਪਣੇ ਅਗੇਤਰ ਪਿਛੇਤਰ ਤੋਂ ਤੋੜਕੇ ਵੇਖਦੇ ਹਨ ਅਤੇ ਇਹੀ ਲੋਕ 'ਚਿੱਕੜ ਦੇ ਕੰਵਲ' ਅਖਵਾਉਂਦੇ ਹਨ।

# ਪੰਜਾਬੀ ਲੋਕ ਗੀਤਾਂ ਵਿੱਚ ਪੰਛੀ

ਮੇਜਰ ਸਿੰਘ ਐਮ.ਏ.





ਅਜੋਕੇ ਸਮੇਂ ਵਿੱਚ ਭਾਵੇਂ ਸਾਡੇ ਮਨਮੋਹਣੇ ਤੇ ਪਿਆਰੇ ਪੰਛੀ ਪੰਜਾਬ ਦਾ ਵਾਤਾਵਰਣ ਪ੍ਰਦੂਸ਼ਿਤ ਹੋਣ ਕਾਰਨ ਹੋਰ ਸੂਬਿਆਂ ਅਤੇ ਢੁਕਵੀਆਂ ਥਾਵਾਂ 'ਤੇ ਚਲੇ ਗਏ ਹਨ ਪਰ ਅੱਜ ਤੋਂ 10-15 ਸਾਲ ਪਹਿਲਾਂ ਇਹ ਪੰਜਾਬ ਦੇ ਖੇਤਾਂ ਤੇ ਘਰਾਂ ਦਾ ਸ਼ਿੰਗਾਰ ਹੁੰਦੇ ਸਨ। ਇਨ੍ਹਾਂ ਦੇ ਬੋਲ ਸਾਨੂੰ ਕੁਦਰਤ ਰਾਣੀ ਦੀ ਗੋਦ ਦਾ ਨਿੱਘ ਦਿੰਦੇ ਸਨ। ਕਾਸ਼! ਉਹ ਸਮਾਂ ਛੇਤੀ ਹੀ ਆ ਜਾਵੇ ਪਰ ਸਰਕਾਰਾਂ ਦੀਆਂ ਉਦਾਰਵਾਦੀ ਨੀਤੀਆਂ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ ਹੈ।

ਜਿਸ ਤਰ੍ਹਾਂ ਕੁਦਰਤ ਸਭ ਦੀ ਸਾਂਝੀ ਹੈ, ਇਸੇ ਤਰ੍ਹਾਂ ਲੋਕ ਗੀਤ ਸਾਡੀ ਧਰਤੀ ਦਾ ਸਾਂਝਾ ਤੇ ਕੁਦਰਤੀ ਵਿਰਸਾ ਹਨ। ਲੋਕ ਗੀਤ ਹਰ ਭਾਸ਼ਾ ਵਿੱਚ ਵੱਖਰੇ ਹੁੰਦੇ ਹੋਏ ਵੀ ਇੱਕੋ ਕੜੀ 'ਚ ਪਰੋਏ ਹੋਏ ਹਨ। ਲੋਕ ਗੀਤਾਂ ਵਿੱਚ ਜਿੱਥੇ ਹੋਰ ਵਿਸ਼ੇ ਆਉਂਦੇ ਹਨ, ਉੱਥੇ ਪੰਛੀ ਵੀ ਆਪਣੀ ਮਨੋਹਰ ਬੋਲੀ ਤੇ ਅਲਬੇਲੀ ਚਾਲ ਨਾਲ ਉਡਾਰੀਆਂ ਲਾਉਂਦੇ ਤੇ ਮਨ ਨੂੰ ਮੋਂਹਦੇ ਹੋਏ ਲੋਕ ਗੀਤਾਂ ਦਾ ਸ਼ਿੰਗਾਰ ਹਨ। ਇਨ੍ਹਾਂ ਰੰਗ-ਬਰੰਗੇ ਪੰਛੀਆਂ ਲਈ ਸਾਡਾ ਦੇਸ਼, ਸਾਡੇ ਦਰਿਆ, ਸਾਡੇ ਪਹਾੜ, ਸਾਡੇ ਜੰਗਲ ਬੇਲੇ, ਸਾਡੀ ਬਨਸਪਤੀ ਤੇ ਸਾਡੇ ਲੋਕ ਗੀਤ ਇੱਕ ਹਨ। ਕਾਸ਼! ਕਦੇ ਮਨੁੱਖ ਵੀ, ਜਿਹੜਾ ਆਪਣੀ ਅਕਲ, ਨਸਲ, ਚਮੜੀ ਤੇ ਦੌਲਤ ਦੇ ਹੰਕਾਰ ਵਿੱਚ ਅੰਨ੍ਹਾ ਹੋਇਆ ਦੂਜੇ ਮਨੁੱਖ ਨੂੰ ਬਰਾਬਰ ਦੇ ਹੱਕ ਨਹੀਂ ਦਿੰਦਾ, ਇਨ੍ਹਾਂ ਪੰਛੀਆਂ ਦੀ ਦੁਨੀਆਂ ਤੋਂ ਕੋਈ ਚੰਗਾ ਸਬਕ ਸਿੱਖ ਲਵੇ। ਫਿਰ ਹੀ ਸਹੀ ਅਰਥਾਂ ਵਿੱਚ ਇਸ ਧਰਤੀ 'ਤੇ ਸਵਰਗ ਦਾ ਵਾਸਾ ਹੋਵੇਗਾ।

ਪੰਛੀਆਂ ਦੇ ਆਪੋ-ਆਪਣੇ ਕੰਮ ਤੇ ਪੇਸ਼ੇ ਹਨ। ਜਿਵੇਂ ਕਾਂ ਉਡੀਕ ਦਾ ਪ੍ਰਤੀਕ ਹੈ, ਕਬੂਤਰ ਹਰਕਾਰੇ ਦੀ ਤਰ੍ਹਾਂ ਸੁਨੇਹਾ ਲੈ ਕੇ ਜਾਂਦਾ ਹੈ ਅਤੇ ਮੀਆਂ ਮਿੱਠੂ ਨਾਲ ਗੱਲਾਂ ਕਰ ਕੇ ਜੀ ਪਰਚਾਇਆ ਜਾਂਦਾ ਹੈ। ਲਾਮ 'ਤੇ ਤੁਰ ਗਏ ਮਾਹੀ ਦੇ ਵਿਛੋੜੇ ਦੀ ਦਰਦ ਭਰੀ ਕਹਾਣੀ ਇਨ੍ਹਾਂ ਪੰਛੀਆਂ ਦੀ ਜ਼ੁਬਾਨੀ ਜਿੰਨੀ ਧੂਹ ਪਾਉਂਦੀ ਹੈ, ਉਨੀ ਸਿੱਧੇ ਵਰਨਣ ਨਾਲ ਕੋਈ ਖ਼ਾਸ ਗੱਲ ਨਹੀਂ ਬਣਦੀ। ਮਨੁੱਖੀ ਭਾਵਾਂ ਵਿੱਚੋਂ ਸਭ ਤੋਂ ਵਧੇਰੇ ਗੱਲ ਪਿਆਰ ਤੇ ਵਿਛੋੜੇ ਦੀਆਂ ਯਾਦਾਂ ਤੇ ਬੋਲਾਂ ਦੀ ਆਉਂਦੀ ਹੈ, ਇਨ੍ਹਾਂ ਭਾਵਾਂ ਨੂੰ ਪ੍ਰਗਟ ਕਰਨ ਲਈ ਪੰਛੀਆਂ ਦੇ ਕੂਕਾਂ ਤੇ ਕਲੋਲਾਂ ਨੂੰ ਸਾਹਮਣੇ ਰੱਖ ਕੇ ਇਉਂ ਗਾਇਆ ਜਾਂਦਾ ਹੈ:

ਕਿਤੇ ਹਰੇ-ਹਰੇ ਬਾਗ਼ਾਂ ਵਿੱਚ ਮੋਰ ਬੋਲੇ।
ਸਈਓ, ਸਮਝੀ ਮੈਂ ਮੇਰਾ ਚਿੱਤ ਚੋਰ ਬੋਲੇ।
ਕਿਤੇ ਹਰੇ-ਹਰੇ ਬਾਗ਼ਾਂ ਵਿੱਚ
ਮੋਰ ਬੋਲੇ।
ਨਾਲੇ ਹਰੇ-ਹਰੇ ਬਾਗ਼ਾਂ ਵਿੱਚ
ਕੋਇਲ ਬੋਲੇ।
ਸਈਓ, ਸਮਝੀ ਮੈਂ ਮੇਰਾ
ਚਿੱਤ ਢੋਲ ਬੋਲੇ।

ਮਾਹੀ ਦੀ ਉਡੀਕ ਕਰਦੀ ਸਾਡੀ ਲੋਕ ਨਾਇਕਾ ਕਾਂ ਅੱਗੇ ਤਰਲੇ ਪਾ ਰਹੀ ਹੈ:

ਚੁੰਝ ਤੇਰੀ ਵੇ ਕਾਲਿਆ
ਕਾਵਾਂ, ਸੋਨੇ ਦੀ ਮੜ੍ਹਾਵਾਂ,
ਜਾ ਆਖੀਂ ਮੇਰੇ ਢੋਲ
ਸਿਪਾਹੀ ਨੂੰ,
ਨਿੱਤ ਮੈਂ ਔਸੀਆਂ ਪਾਵਾਂ।



ਪਿਆਰ ਸਾਡੀ ਜ਼ਿੰਦਗੀ ਦਾ ਕੁਦਰਤ ਦੇ ਸਹੀ ਰਹੱਸ ਵੱਲ ਰਾਹ ਖੋਲ੍ਹਦਾ ਹੈ। ਪ੍ਰੀਤ ਬਿਨਾਂ ਜੀਵਨ ਬੇਲੋੜਾ ਹੈ ਤੇ ਵਾਧੂ ਜਿਹਾ ਮਹਿਸੂਸ ਹੁੰਦਾ ਹੈ। ਪਿਆਰ ਦੇ ਪੰਛੀ ਬਿਨਾਂ ਇਹ ਜੀਵਨ ਬੇਸੁਆਦਲਾ ਹੈ ਕਿਉਂਕਿ ਪਿਆਰ ਦੀ ਖੁਮਾਰੀ ਸਾਨੂੰ ਅਮੁੱਲਾ ਖੇੜਾ ਬਖ਼ਸ਼ਦੀ ਹੈ। ਜਿਵੇਂ ਇੱਕ ਜੋਬਨ ਮੱਤੀ ਮੁਟਿਆਰ ਕੋਇਲ ਨਾਲ ਆਪਣੇ ਪਿਆਰ ਦੀ ਸਾਂਝ ਬਣਾਉਂਦੀ ਹੈ:

ਪ੍ਰੀਤਾਂ ਦੀ ਮੈਨੂੰ ਸੱਧਰ ਬਥੇਰੀ,
ਲਾ ਕੇ ਤੇ ਤੋੜ ਨਿਭਾਵਾਂ,
ਨੀਂ ਕੋਇਲੇ ਸਾਉਣ ਦੀਏ,
ਤੈਨੂੰ ਹੱਥ 'ਤੇ ਚੋਗ ਚੁਗਾਵਾਂ।

ਇੱਥੇ ਮੋਰ ਤੇ ਕੂੰਜਾਂ ਦੀ ਵਾਰਤਾ ਕਿੰਨੀ ਅਰਥ-ਭਰਪੂਰ ਹੈ। ਇਸ ਵਿੱਚ ਦੋਵੇਂ ਧਿਰਾਂ ਦੀ ਖਿੱਚ, ਮਜਬੂਰੀ ਤੇ ਬੱਚਿਆਂ ਪ੍ਰਤੀ ਫ਼ਰਜ਼ ਤੇ ਪਿਆਰ ਵਿਚਲੀ ਖਿੱਚੋਤਾਣ ਉਮੜ ਕੇ ਸਾਹਮਣੇ ਆਉਂਦੀ ਹੈ:

ਮੋਰ ਕੂੰਜਾਂ ਨੂੰ ਆਖਦੇ,
ਥੋੜੀ ਰਹਿੰਦੀ ਨਿੱਤ ਤਿਆਰੀ।
ਜਾਂ ਕੂੰਜਾਂ ਤੁਹਾਡਾ ਦੇਸ ਕੁਚੱਜੜਾ,
ਜਾਂ ਤਾਂ ਕਿਸੇ ਸੰਗ ਯਾਰੀ।
ਨਾ ਮੋਰੋ ਸਾਡਾ ਦੇਸ ਕੁਚੱਜੜਾ,
ਨਾ ਕਿਸੇ ਸੰਗ ਯਾਰੀ।
ਬੱਚੜੇ ਛੋੜ ਮੁਸਾਫ਼ਿਰ ਹੋਈਆਂ,
ਰੱਬ ਨੇ ਚੋਗ ਖਿਲਾਰੀ।

ਸਾਡੇ ਲੋਕ-ਗੀਤਾਂ ਵਿੱਚ ਗੱਲ ਦਾ ਨਿਸ਼ਾਨਾ ਕੋਈ ਪੰਛੀ ਜਾਂ ਜਨੌਰ ਹੁੰਦਾ ਹੈ ਪਰ ਉਸ ਰਾਹੀਂ ਗੱਲ ਕਿਸੇ ਹੋਰ ਨੂੰ ਕਹੀ ਜਾਂਦੀ ਹੈ। ਇੱਥੇ ਮਨੁੱਖੀ ਭਾਵਾਂ ਦੀ ਤਰਜ਼ਮਾਨੀ ਕਿੰਨੀ ਸੋਹਣੀ ਵਿਧੀ ਨਾਲ ਕੀਤੀ ਗਈ ਹੈ:

ਵਗਦੀ ਸੀ ਰਾਵੀ ਵਿੱਚ ਘੁੱਗੀਆਂ ਦਾ ਜੋੜਾ ਵੇ।
ਇੱਕ ਘੁੱਗੀ ਉੱਡੀ ਲੰਮਾ ਪੈ ਗਿਆ ਵਿਛੋੜਾ ਵੇ।

ਨੌਕਰ ਦੀ ਨਾਰ ਘਰ ਵਿੱਚ ਬੈਠੀ ਪੰਛੀਆਂ ਦੇ ਤਰਲੇ ਕਰਦੀ ਹੈ ਕਿ ਉਸ ਦਾ ਸਨੇਹਾ ਲੈ ਜਾਣ:

ਉੱਡੀਂ ਵੇ ਤਿੱਤਰਾ, ਉੱਡੀਂ ਵੇ ਮੋਰਾ,
ਉੱਡੀਂ ਵੇ ਕਾਲਿਆ ਕਾਵਾਂ।
ਪਹਿਲਾ ਸਨੇਹਾ ਮੇਰੇ ਮਾਪਿਆਂ ਨੂੰ ਦੇਈਂ,
ਦੂਜਾ ਭੈਣ-ਭਰਾਵਾਂ।
ਤੀਜਾ ਸਨੇਹਾ ਮੇਰੇ ਪਿੱਪਲਾਂ ਨੂੰ ਦੇਵੀਂ,
ਜਿੱਥੇ ਮੈਂ ਪੀਘਾਂ ਪਾਵਾਂ।
ਚੌਥਾ ਸਨੇਹਾ ਸਹੇਲੀਆਂ ਨੂੰ ਦੇਵੀਂ,
ਜਿਨ੍ਹਾਂ ਨਾਲ ਖੇਡਣ ਜਾਵਾਂ।
ਪੰਜਵਾਂ ਸੁਨੇਹਾ ਮੇਰੇ ਕੰਤ ਨੂੰ ਦੇਵੀਂ,
ਜਿਸ ਦੇ ਨਾਲ ਮੈਂ ਲਈਆਂ ਲਾਵਾਂ।

ਚਿੜੀਆਂ ਤਾਂ ਕੁੜੀਆਂ ਦਾ ਹੀ ਰੂਪ ਨੇ। ਪਿੰਡਾਂ ਵਿੱਚ ਕੁੜੀਆਂ ਦੀ ਗੱਲ ਚਿੜੀਆਂ ਕਰ ਕੇ ਹੀ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਚਿੜੀਆਂ ਦਾ ਚੰਬਾ ਸੁਣ ਕੇ ਕਿਸ ਦਾ ਮਨ ਨਹੀਂ ਭਰ ਆਉਂਦਾ:

ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਬੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।

ਜਾਂ ਇਸ ਤਰ੍ਹਾਂ ਵੀ ਆਖਿਆ ਜਾਂਦਾ ਹੈ:

ਉੱਡ ਉੱਡ ਚਿੜੀਏ ਨੀਂ, ਉੱਡ ਬਹਿ ਜਾ ਖਿੜਕੀ। ਮੇਰੀ ਅੰਮੜੀ ਬਾਝੋਂ ਨੀਂ ਮੈਂ ਸਭ ਨੇ ਝਿੜਕੀ।

ਗੱਲ ਕੀ ਇਹ ਪੰਛੀ, ਸਾਡੇ ਲੋਕ ਗੀਤਾਂ ਵਿੱਚ ਇੱਕਸੁਰ ਹੋਏ ਪਏ ਹਨ। ਪੰਛੀਆਂ ਦੀ ਦੁਨੀਆਂ ਕੁਦਰਤ ਦੇ ਰੰਗੀਨ ਨਜ਼ਾਰਿਆਂ ਨਾਲ ਭਰਪੂਰ ਹੈ। ਅੱਜ ਦੇ ਮਸ਼ੀਨੀ ਤੇ ਸ਼ੋਰ-ਸ਼ਰਾਬੇ ਵਾਲੇ ਯੁੱਗ ਵਿੱਚ ਮਨੁੱਖ ਪੰਛੀਆਂ ਦੀ ਦੁਨੀਆਂ ਤੋਂ ਕੁਦਰਤ ਦੇ ਗੁੱਝੇ ਭੇਦ ਜਾਣ ਕੇ ਆਪਣਾ ਜੀਵਨ ਅਨੰਦਮਈ ਬਣਾ ਸਕਦਾ ਹੈ।



# ਇਲੈਕਟ੍ਰੋਹੋਮਿਓਪੈਥੀ ਤੇ ਹੋਮਿਓਪੈਥੀ ਵਿੱਚ ਅੰਤਰ

ਇਲੈਕਟ੍ਰੋਹੋਮਿਓਪੈਥੀ: ਇਸ ਦਵਾਈ ਦੇ ਜਨਮ ਦਾਤਾ ਡਾਕਟਰ ਕਾਊਂਟ ਸੀਜਰ ਮੈਟੀ ਸਨ। ਉਨ੍ਹਾਂ ਨੇ ਇਸ ਪੈਥੀ ਦੀ ਖੋਜ 1865 ਕੀਤਾ ਸੀ। ਇਸ ਪੈਥੀ ਦਾ ਸਿਧਾਂਤ ਕੰਪਲੈਕਸਾ, ਕੰਪਲੈਕਸ ਅਤੇ ਕੁਰੰਚਰ ਹੈ। ਇਸ ਪੈਥੀ ਵਿੱਚ ਬਿਮਾਰੀ ਦਾ ਇਲਾਜ ਰੋਗੀ ਦੀ ਪ੍ਰਕਿਰਿਤੀ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਕੁਦਰਤੀ ਬਨਸਪਤੀ ਦੀਆਂ ਜੜੀਆਂ ਬੂਟੀਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਕਾਫ਼ੀ ਪੌਦਿਆਂ ਨੂੰ ਇਕੱਠੇ ਕਰ ਕੇ ਕੋਹਬੇਸਨ ਵਿਧੀ ਦੁਆਰਾ ਪੌਦਿਆਂ ਵਿੱਚੋਂ ਕੱਢੇ ਸਪਾਜੀਰਿਕ ਰਸ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਨੂੰ ਸ਼ੁੱਧ ਪਾਣੀ ਜਾਂ ਰੈਕਟੀਫਾਈਡ ਸਪਰਿਟ ਵਿੱਚ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਦਵਾਈਆਂ ਨੂੰ ਸਪਾਜੀਰਿਕ ਰਸ ਤੋਂ ਡਿਲਿਊਸ਼ਨ ਦੀਆਂ ਵੱਖ ਵੱਖ ਤਾਕਤਾਂ ਜਿਵੇਂ ਪਹਿਲਾ, ਦੂਜਾ, ਤੀਸਰਾ, ਸੌਵਾਂ ਅਤੇ ਹਜ਼ਾਰਵਾਂ ਆਦਿ ਦੇ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਧਨਾਤਮਿਕ ਜਾਂ ਰਿਣਾਤਮਿਕ ਡਲਿਊਸ਼ਨ ਵਿੱਚ ਬਿਮਾਰੀ ਦੇ ਧਨਾਤਮਿਕ ਜਾਂ ਰਿਮਾਤਮਿਕ ਅਨੁਸਾਰ ਸਹੀ ਚੋਣ ਕਰਕੇ ਦਿੱਤੀਆਂ ਜਾਂਦੀਆਂ ਹਨ। ਇਸ ਪੈਥੀ ਵਿੱਚ ਮਰੀਜ਼ ਨੂੰ ਇੱਕੋ ਸਮੇਂ ਕਾਫ਼ੀ ਦਵਾਈਆਂ ਦਾ ਮਿਸ਼ਰਣ ਬਣਾ ਕੇ ਦਿੱਤਾ ਜਾ ਸਕਦਾ ਹੈ। ਇਹ ਦਵਾਈਆਂ ਸਿਰਫ਼ ਬਨਸਪਤੀ ਜਗਤ ਦੇ ਪੌਦਿਆਂ ਤੋਂ ਤਿਆਰ ਹੋਣ ਕਰਕੇ ਮਨੁੱਖੀ ਸਰੀਰ ਉੱਤੇ ਕੋਈ ਵੀ ਮਾੜਾ ਪ੍ਰਭਾਵ ਨਹੀਂ ਛੱਡਦੀਆਂ।

ਇਸ ਪੈਥੀ ਦੀਆਂ ਕੁੱਲ 38 ਦਵਾਈਆਂ ਹਨ। ਜੋ ਕਿ 114 ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਦਵਾਈਆਂ ਆਦਿ ਸ਼ਕਤੀ ਅਤੇ ਚੁੰਬਕੀ ਨਿਯਮ ਦੇ ਆਧਾਰ ਉੱਤੇ ਕੰਮ ਕਰਦੀਆਂ ਹਨ। ਇਸ ਪੈਥੀ ਦੇ ਪਹਿਲੇ ਭਾਰਤੀ ਡਾਕਟਰ ਬਲਦੇਵ ਪ੍ਰਸਾਦ ਸਕਨੈਨਾ ਹੋਏ ਸਨ। ਭਾਰਤ ਵਿੱਚ ਇਸ ਪੈਥੀ ਦੀ ਆਮਦ 1885 ਵਿੱਚ ਡਾਕਟਰ ਫਾਦਰ ਮੁੱਲਰ ਦੁਆਰਾ ਕਰਨਾਟਕਾ ਦੇ ਮੰਗਲੂਰ ਸ਼ਹਿਰ ਵਿੱਚ ਹੋਇਆ। ਇਸ ਪੈਥੀ ਦੀ ਖ਼ਾਸੀਅਤ ਹੈ ਕਿ ਇਸ ਵਿੱਚ ਨਾ ਕੋਈ ਰਸਾਇਣ ਹੁੰਦਾ ਹੈ, ਨਾ ਕਾਰਬਨ ਹੈ ਅਤੇ ਨਾ ਹੀ ਅਲਕੋਹਲ ਹੈ। ਹੋਮਿਓਪੈਥੀ: ਇਸ ਪੈਥੀ ਦੇ ਜਨਮ ਦਾਤਾ ਡਾਕਟਰ ਸੈਮੂਅਲ ਸਨ। ਉਨ੍ਹਾਂ ਨੇ ਇਸ ਪੈਥੀ ਦੀ ਖੋਜ 1796 ਵਿੱਚ ਜਰਮਨੀ ਵਿੱਚ ਕੀਤੀ। ਇਸ ਪੈਥੀ ਦਾ ਸਿਧਾਂਤ ਸਿਮਲੀਆ, ਸਿਮਲੀਬਸ ਅਤੇ ਕਰੁੰਚਰ ਹੈ। ਇਸ ਪੈਥੀ ਵਿੱਚ ਬਿਮਾਰੀ ਦਾ ਇਲਾਜ ਰੋਗੀ ਦੀ ਬਿਮਾਰੀ ਦੇ ਲੱਛਣਾਂ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਧਾਤਾਂ, ਖਣਿਜ ਪਦਾਰਥਾਂ ਅਤੇ ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਇੱਕ ਪੌਦੇ ਨੂੰ ਲੈ ਕੇ, ਉਸ ਪੌਦੇ ਦੇ ਕੱਢੇ ਗਏ ਮਦਰ ਟਿੰਕਚਰ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਅਲਕੋਹਲ ਵਿੱਚ ਹੀ ਤਿਆਰ ਕੀਤੀਆਂ ਜਾਂਦੀਆਂ। ਇਸ ਪੈਥੀ ਦੀ ਦਵਾਈ ਨੂੰ ਮਦਰ ਟਿੰਕਚਰ ਤੋਂ ਵੱਖ ਵੱਖ ਪੁਟੈਂਸੀ ਦੀਆਂ ਤਾਕਤਾਂ ਜਿਵੇਂ 3-10-200 ਆਦਿ ਪੁਟੈਂਸੀ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਪੈਥੀ ਵਿੱਚ ਮਰੀਜ਼ ਨੂੰ ਸਿਰਫ਼ ਇੱਕ ਹੀ ਦਵਾਈ ਦਿੱਤੀ ਜਾ ਸਕਦੀ ਹੈ।

ਇਸ ਪੈਥੀ ਦੀਆਂ ਦਵਾਈਆਂ ਧਾਤਾਂ ਅਤੇ ਖਣਿਜ ਪਦਾਰਥਾਂ ਤੋਂ ਤਿਆਰ ਕੀਤੀਆਂ ਹੋਣ ਕਰਕੇ ਸਰੀਰ ਉੱਪਰ ਮਾੜਾ ਪ੍ਰਭਾਵ ਛੱਡਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਹਨ, ਉੱਥੇ ਹੀ ਇਹ ਦਵਾਈਆਂ ਹਜ਼ਾਰਾਂ ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਅਲਕੋਹਲ ਵਿੱਚ ਤਿਆਰ ਹੋਣ ਕਰਕੇ ਪੌਦਿਆਂ ਦੀ ਆਦਿ ਸ਼ਕਤੀ ਮਦਰ ਟਿੰਕਚਰ ਵਿੱਚ ਨਸ਼ਟ ਹੋ ਜਾਂਦੀ ਹੈ। ਇਸ ਦੀਆਂ ਦਵਾਈਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਮਰੀਜ਼ ਦੇ ਰੋਗ ਅਨੁਸਾਰ ਦਵਾਈ ਦੀ ਸਹੀ ਚੋਣ ਔਖੀ ਹੋ ਜਾਂਦੀ ਹੈ। ਇਸ ਪੈਥੀ ਦੀਆਂ ਦਵਾਈਆਂ ਦਾ ਸਬੰਧ ਜੀਵਨ ਸ਼ਕਤੀ ਉੱਪਰ ਆਧਾਰਿਤ ਹੈ। ਇਸ ਪੈਥੀ ਦਾ ਅਵਿਸਕਾਰ ਡਾਕਟਰ ਸੈਮੂਅਲ ਹੈਨੇਮਨ ਨੇ ਪ੍ਰਸਿੱਧ ਵਿਗਿਆਨੀ ਪੈਰਾਸਲੈਸਿਸ ਦੇ ਪਹਿਲੇ ਸਿਧਾਂਤ ਸਮਾਨਤਾ ਨਾਲ ਸਮਾਨਤਾ ਦਾ ਆਧਾਰ ਹੋਣਾ ਉੱਪਰ ਕੀਤਾ ਹੈ। ਇਸ ਪੈਥੀ ਦੇ ਭਾਰਤ ਵਿੱਚ ਪਹਿਲੇ ਡਾਕਅਰ ਬਾਬੂ ਰਜਿੰਦਰ ਦੱਤ ਸਨ। ਇਸ ਪੈਥੀ ਦਾ ਆਗਮਨ 1835 ਪੰਜਾਬ ਵਿੱਚ ਹੋਇਆ।



# ਗੁਣਕਾਰੀ ਹੈ ਆਲੂ ਦਾ ਜੂਸ



ਡਾ. ਹਰਿੰਦਰਪਾਲ ਸਿੰਘ

ਆਲੂ ਨੂੰ ਸਬਜ਼ੀਆਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਲਗਪਗ ਹਰ ਸਬਜ਼ੀ ਵਿੱਚ ਆਲੂ ਦੀ ਸ਼ਮੂਲੀਅਤ ਹੁੰਦੀ ਹੈ। ਆਲੂ ਵੀ ਕਈ ਹੋਰ ਸਬਜ਼ੀਆਂ ਵਾਂਗ ਅਫਰੀਕਾ ਤੋਂ ਭਾਰਤ ਆਇਆ। ਇਸ ਵਿੱਚ ਜ਼ਿਆਦਾ ਕਾਰਬੋਹਾਈਡ੍ਰੇਟਸ ਹੋਣ ਕਰਕੇ ਇਸ ਨੂੰ ਮੋਟਾਪਾ ਵਧਾਉਣ ਵਾਲਾ ਮੰਨਿਆ ਜਾਂਦਾ ਹੈ। ਪਰ ਕੱਚਾ ਆਲੂ ਤੇ ਇਸ ਦਾ ਜੂਸ ਪੋਸ਼ਕ ਤੱਤਾਂ ਨਾਲ ਭਰਪੂਰ ਹੋਣ ਕਰਕੇ ਸਿਹਤ ਲਈ ਕਾਫ਼ੀ ਲਾਭਦਾਇਕ ਮੰਨਿਆ ਜਾਂਦਾ ਹੈ।

**ਆਲੂ ਵਿੱਚ ਮੌਜੂਦ ਪੋਸ਼ਕ ਤੱਤ-**

× ਪੋਟਾਸ਼ੀਅਮ: ਅੱਧਾ ਕੱਪ ਆਲੂ ਦਾ ਜੂਸ ਲਗਪਗ 27 ਫ਼ੀਸਦੀ ਦੇ ਕਰੀਬ ਰੋਜ਼ਾਨਾ ਪੋਟਾਸ਼ੀਅਮ ਦੀ ਜ਼ਰੂਰਤ ਪੂਰੀ ਕਰਦਾ ਹੈ। ਇਹ ਖਣਿਜ ਗੁਰਦੇ ਦੀ ਸਫ਼ਾਈ ਕਰਨ ਦੇ ਨਾਲ ਨਾਲ ਖ਼ੂਨ ਦੇ ਦਬਾਅ ਨੂੰ ਨਿਯਮਿਤ ਰੱਖਣ ਜਿਹੇ ਕਈ ਮਹੱਤਵਪੂਰਨ ਕਾਰਜ ਕਰਦਾ ਹੈ।

**ਵਿਟਾਮਿਨ 'ਸੀ'**: ਅੱਧਾ ਕੱਪ ਆਲੂ ਜੂਸ ਲਗਪਗ ਸਾਡੀ ਰੋਜ਼ਾਨਾ ਜ਼ਰੂਰਤ ਦਾ 50 ਫ਼ੀਸਦੀ ਵਿਟਾਮਿਨ 'ਸੀ' ਦਿੰਦਾ ਹੈ। ਇਹ ਵਿਟਾਮਿਨ ਸਾਡੇ ਸਰੀਰ ਵਿਚਲੀ ਰੋਗ ਨਿਰੋਧਕ ਸ਼ਕਤੀ ਨੂੰ ਵਧਾਉਂਦਾ ਹੈ।

× ਵਿਟਾਮਿਨ 'ਬੀ-1' ਤੇ 'ਬੀ-3': ਅੱਧਾ ਕੱਪ ਆਲੂ ਜੂਸ ਤੋਂ ਸਾਨੂੰ ਰੋਜ਼ਾਨਾ ਜ਼ਰੂਰਤ ਦਾ 20 ਫ਼ੀਸਦੀ ਦੇ ਕਰੀਬ ਵਿਟਾਮਿਨ 'ਬੀ-1' ਅਤੇ 'ਬੀ-3' ਮਿਲਦੇ ਹਨ। ਜੋ ਕਿ ਸਾਡੇ ਨਾੜੀ ਤੰਤਰ ਅਤੇ ਚਮੜੀ ਲਈ ਜ਼ਰੂਰੀ ਹਨ ਅਤੇ ਸਮੇਂ ਤੋਂ ਪਹਿਲਾਂ ਆਉਣ ਵਾਲੇ ਬੁਢਾਪੇ ਨੂੰ ਦੂਰ ਰੱਖਦੇ ਹਨ। ਕੇਵਲ ਤਲ ਕੇ ਖਾਧਾ ਆਲੂ ਹੀ ਮੋਟਾਪੇ ਦਾ ਕਾਰਨ ਬਣਦਾ ਹੈ। ਕੱਚਾ ਆਲੂ ਅਨੇਕਾਂ ਬਿਮਾਰੀਆਂ ਲਈ ਦਵਾਈ ਦਾ ਕੰਮ ਕਰਦਾ ਹੈ, ਜਿਵੇਂ-

**ਪਾਚਣ ਤੰਤਰ ਦੇ ਵਿਗਾੜ**: ਆਲੂ ਦਾ ਜੂਸ ਮਿਹਦੇ ਦੀ ਜਲਣ ਅਤੇ ਤੇਜ਼ਾਬ ਦੇ ਬਣਨ ਨੂੰ ਘੱਟ ਕਰਦਾ ਹੈ।

**ਪੈਪਟਿਕ ਅਲਸਰ**: ਇਸ ਨੂੰ ਮਿਹਦੇ ਦਾ ਅਲਸਰ ਵੀ ਕਹਿੰਦੇ ਹਨ। ਇਸ ਵਿੱਚ ਜ਼ਿਆਦਾ ਤੇਜ਼ਾਬ ਬਣਨ ਕਾਰਨ ਮਿਹਦੇ ਦੀ ਝਿੱਲੀ ਖ਼ਰਾਬ ਹੋ ਜਾਂਦੀ ਹੈ ਅਤੇ ਮਿਹਦੇ ਵਿੱਚ ਪੱਕੇ ਤੌਰ 'ਤੇ ਜ਼ਖ਼ਮ ਹੋ ਜਾਂਦੇ ਹਨ। ਇੱਕ ਖੋਜ ਅਨੁਸਾਰ ਆਲੂ ਦਾ ਜੂਸ ਮਿਹਦੇ ਦੇ ਅਲਸਰ ਨੂੰ ਠੀਕ ਕਰਨ ਦੇ ਸਮਰੱਥ ਹੈ।

**ਕੈਂਸਰ**: ਚੀਨ ਵਿੱਚ ਹੋਈ ਖੋਜ ਅਨੁਸਾਰ ਆਲੂ ਵਿੱਚ ਮੌਜੂਦ ਪੈਟਾਟਿਨ ਨਾਮੀ ਤੱਤ ਚੂਹਿਆਂ ਵਿੱਚ ਮੌਜੂਦ ਮੈਲਾਨੋਮਾ ਕਿਸਮ ਦੇ ਕੈਂਸਰ ਨੂੰ ਰੋਕਣ ਵਿੱਚ ਸਹਾਈ ਹੁੰਦਾ ਹੈ।

**ਕੋਲੈਸਟਰੋਲ**: ਆਲੂ ਦਾ ਜੂਸ ਕੋਲੈਸਟਰੋਲ ਵਿਚਲੇ ਟਰਾਈ ਗਲਿਸਰਾਈਡ ਨੂੰ ਨਿਯਮਿਤ ਕਰਦਾ ਹੈ।

**ਜੋੜਾਂ ਦਾ ਦਰਦ**: ਜੋੜਾਂ ਦੇ ਦਰਦ ਵਾਲੇ ਮਰੀਜ਼ ਨੂੰ ਹਰ ਵਾਰ ਖਾਣਾ ਖਾਣ ਤੋਂ ਪਹਿਲਾਂ ਦੋ ਚਮਚ ਆਲੂ ਦਾ ਜੂਸ ਲੈਣ ਨਾਲ ਕਾਫ਼ੀ ਫ਼ਾਇਦਾ ਹੁੰਦਾ ਹੈ। ਇਸ ਤੋਂ ਇਲਾਵਾ ਆਲੂ ਦੇ ਮੋਟੇ ਛਿਲਕੇ ਲੈ ਕਿ 4-5 ਮਿੰਟ ਪਾਣੀ ਵਿੱਚ ਉਬਾਲ ਲਓ ਅਤੇ ਫਿਰ ਠੰਢਾ ਹੋਣ 'ਤੇ ਇਸ ਨੂੰ ਪੀਓ।

# ਲਗਾਤਾਰ ਵਧ ਰਹੀ ਡਾਇਬੀਟੀਜ਼ ਨੂੰ ਕੰਟਰੋਲ ਕਰਨ ਲਈ ਡਾਈਟ 'ਚ ਸ਼ਾਮਲ ਕਰੋ




ਦਿਨ ਪ੍ਰਤੀਦਿਨ ਬਿਗੜਦੇ ਲਾਈਫਸਟਾਈਲ ਕਾਰਨ ਲੋਕਾਂ 'ਚ ਸਿਹਤ ਸੰਬੰਧੀ ਪ੍ਰੇਸ਼ਾਨੀਆਂ ਹੁੰਦੀਆਂ ਜਾਂ ਰਹੀਆਂ ਹਨ। ਆਮ ਲੋਕਾਂ 'ਚ ਸ਼ੂਗਰ, ਮੋਟਾਪੇ ਅਤੇ ਹੋਰ ਬੀਮਾਰੀਆਂ ਦੇਖੀਆਂ ਜਾਂਦੀਆਂ ਹਨ ਪਰ ਇਸ ਦੇ ਬਾਵਜੂਦ ਵੀ ਬਹੁਤ ਘੱਟ ਲੋਕਾਂ 'ਚ ਜ਼ਿੰਦਗੀ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਜਾਣੂ ਹਨ। ਇਸ ਦੀ ਪੂਰੀ ਜਾਣਕਾਰੀ ਨਾ ਹੋਣ 'ਤੇ ਉਹ ਕਈ ਬੀਮਾਰੀਆਂ ਦੀ ਚਪੇਟ 'ਚ ਆ ਜਾਂਦੇ ਹਨ। ਬੀਮਾਰੀਆਂ ਤੋਂ ਬਚਣ ਲਈ ਬਹੁਤ ਜ਼ਰੂਰੀ ਹੈ ਕਿ ਤੁਸੀਂ ਸਿਹਤ ਸੰਬੰਧੀ ਜੀਵਨਸ਼ੈਲੀ ਅਪਣਾਓ। ਵਿਗਿਆਨੀਆਂ ਅਨੁਸਾਰ ਆਪਣੀ ਰੂਟੀਨ 'ਚ ਕੁਝ ਹੈਲਦੀ ਆਦਤਾਂ ਨੂੰ ਸ਼ਾਮਲ ਕਰੋ ਇਸ ਨਾਲ ਤੁਸੀਂ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚ ਸਕਦੇ ਹੋ। ਸਰੀਰਕ ਗਤੀਵਿਧੀਆਂ ਦੇ ਨਾਲ-ਨਾਲ ਆਪਣੀ ਰੂਟੀਨ 'ਚ ਪੋਸ਼ਟਿਕ ਭੋਜਨ, ਅਲਸੀ ਦੇ ਬੀਜ ਅਤੇ ਬਾਦਾਮ ਦਾ ਸੇਵਨ ਤੁਹਾਨੂੰ ਮੋਟਾਪੇ ਦੇ ਨਾਲ-ਨਾਲ ਕਈ ਬੀਮਾਰੀਆਂ ਤੋਂ ਬਚਾਉਂਦਾ ਹੈ। ਇਕ ਖੋਜ ਅਨੁਸਾਰ ਬਾਦਾਮ ਪ੍ਰੋਟੀਨ ਅਤੇ ਫਾਈਬਰ ਦਾ ਸਭ ਤੋਂ ਚੰਗਾ ਸਰੋਤ ਹੈ। ਜਿਸ ਨਾਲ ਬਲੱਡ ਸ਼ੂਗਰ ਕੰਟਰੋਲ ਰੱਖਣ 'ਚ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਤੁਹਾਨੂੰ ਕੈਲਰੀ ਯੁਕਤ ਤੋਂ ਜਿਨ੍ਹਾਂ ਹੋ ਸਕੇ ਪਰਹੇਜ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਬੀਮਾਰੀਆਂ ਤੋਂ ਬਚਣ ਲਈ ਨਿਯਮਿਤ ਕਸਰਤ ਵੀ ਸਭ ਤੋਂ ਚੰਗਾ ਤਰੀਕਾ ਹੈ। 18-64 ਸਾਲ ਤੇ ਲੋਕਾਂ ਨੂੰ ਘੱਟ ਤੋਂ ਘੱਟ 75 ਮਿੰਟ ਲਈ ਕਸਰਤ ਕਰਨੀ ਚਾਹੀਦੀ ਹੈ। ਡਾਇਟੀਸ਼ੀਅਨ ਦਾ ਮੰਨਣਾ ਹੈ ਕਿ ਜ਼ਿਆਦਾਤਰ ਇਹ ਸਮੱਸਿਆਵਾਂ ਸਰੀਰਕ ਗਤੀਵਿਧੀਆਂ ਨੂੰ ਨਾ ਕਰਨ ਵਾਲੇ ਲੋਕਾਂ 'ਚ ਹੁੰਦੀਆਂ ਹਨ, ਚਾਹੇ ਉਹ ਸ਼ਹਿਰ ਹੋਵੇ ਜਾਂ ਪਿੰਡ ਦੇ। ਵੱਡੇ ਹੀ ਨਹੀਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਦੇ ਲੋਕਾਂ ਨੂੰ ਵੀ ਸ਼ੂਗਰ, ਹਾਈਪਟੈਂਸ਼ਨ, ਮੋਟਾਪੇ ਅਤੇ ਦਿਲ ਨਾਲ ਸੰਬੰਧਿਤ ਬੀਮਾਰੀਆਂ ਹੋਣ ਦਾ ਡਰ ਰਹਿੰਦਾ ਹੈ। ਇਸ ਲਈ ਜਿਨ੍ਹਾਂ ਹੋ ਸਕੇ। ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਦੀ ਰੱਖੋ। ਇਸ ਤੋਂ ਇਲਾਵਾ ਭੋਜਨ 'ਚ ਬਾਦਾਮ ਜ਼ਰੂਰ ਸ਼ਾਮਲ ਕਰੋ। ਤੁਸੀਂ ਇਸ ਦਾ ਸੇਵਨ ਸਨੈਕਸ ਦੀ ਤਰ੍ਹਾਂ ਵੀ ਕਰ ਸਕਦੇ ਹੋ ਅਤੇ ਰੋਜ਼ਾਨਾ ਭਿਉਂਏ ਹੋਏ ਬਾਦਾਮ ਦਾ ਸੇਵਨ ਵੀ ਤੁਹਾਡੀ ਸਿਹਤ ਨੂੰ ਠੀਕ ਰੱਖਦਾ ਹੈ।

# ਬਾਬਾ ਜੀਵਨ ਸਿੰਘ ਦੀ ਲਾਸਾਨੀ ਦੇਣ

ਇਕਬਾਲ ਸਿੰਘ ਕਲਿਆਣ
ਸੰਪਰਕ: 98559-64415



ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਵੱਲੋਂ ਲਾਏ ਸਿੱਖੀ ਦੇ ਬੂਟੇ ਨੂੰ ਸਾਡੇ ਗੁਰੂ ਸਾਹਿਬਾਨ ਤੇ ਸੂਰਬੀਰ ਯੋਧਿਆਂ ਨੇ ਆਪਣੇ ਖ਼ੂਨ ਨਾਲ ਸਿੰਜਿਆ। ਗੁਰੂ ਜੀ ਨੇ ਸਿੱਖੀ ਦੀ ਇਹ ਬੂਟਾ ਉਸ ਸਮੇਂ ਲਾਇਆ ਜਦੋਂ ਪਾਖੰਡਵਾਦ, ਊਚ-ਨੀਚ, ਜਾਤ-ਪਾਤ, ਛੂਆ-ਛੂਤ ਦਾ ਬੋਲਬਾਲਾ ਸੀ। ਉਸ ਸਮੇਂ ਦਲਿਤਾਂ ਨੂੰ ਧਾਰਮਿਕ ਸਥਾਨਾਂ 'ਤੇ ਜਾ ਕੇ ਪਰਮਾਤਮਾ ਦੀ ਬੰਦਗੀ ਕਰਨ ਦੀ ਮਨਾਹੀ ਸੀ। ਵਿੱਦਿਆ ਲੈਣ ਦਾ ਅਧਿਕਾਰ ਦਲਿਤਾਂ ਨੂੰ ਨਹੀਂ ਸੀ। ਅਜਿਹੇ ਸਮਿਆਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਦੀ ਰਚਨਾ ਕੀਤੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਸਭ ਨੂੰ ਬਰਾਬਰ ਸਮਝਦਿਆਂ ਆਦਿ ਗ੍ਰੰਥ ਸਾਹਿਬ ਵਿੱਚ ਕਥਿਤ ਨੀਵੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਵੀ ਦਰਜ ਕੀਤੀ। ਦਸਮੇਸ਼ ਪਿਤਾ ਨੇ ਬਰਾਬਰਤਾ ਬਖ਼ਸ਼ਦਿਆਂ ਆਨੰਦਪੁਰ ਸਾਹਿਬ ਵਿੱਚ ਖ਼ਾਲਸੇ ਦੀ ਸਿਰਜਣਾ ਕੀਤੀ। ਸਿੱਖੀ ਦਾ ਜਿਹੜਾ ਬੂਟਾ ਤੱਤੀਆਂ ਤਵੀਆਂ, ਸਰਹੰਦ ਦੀਆਂ ਕੰਧਾਂ, ਆਰਿਆਂ ਦੇ ਦੰਦਿਆਂ, ਦੇਗਾਂ ਦੇ ਉਬਾਲਿਆਂ ਜਿਹੀਆਂ ਪ੍ਰਸਥਿਤੀਆਂ ਵਿੱਚੋਂ ਲੰਘ ਕੇ ਲਹਿਰਾ ਰਿਹਾ ਸੀ, ਉਸ ਨੂੰ ਸਿੱਖ ਕੌਮ ਦੇ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਭਾਲ ਨਾ ਸਕੀ। ਇਸੇ ਕਾਰਨ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦੇ ਪਦ ਚਿੰਨ੍ਹਾਂ 'ਤੇ ਚੱਲਣ ਵਾਲੇ ਮਜ਼੍ਹਬੀ ਸਿੱਖ ਭਾਈਚਾਰੇ ਦੇ ਬਹੁਤੇ ਲੋਕ ਅਖੌਤੀ ਸਾਧਾਂ ਦੇ ਡੇਰਿਆਂ ਦੀ ਰੌਣਕ ਵਧਾ ਰਹੇ ਹਨ।

ਮਜ਼੍ਹਬੀ ਸਿੱਖ ਭਾਈਚਾਰੇ ਨੂੰ ਸੰਭਾਲਣਾ ਤਾਂ ਦੂਰ, ਸ਼੍ਰੋਮਣੀ ਕਮੇਟੀ ਅਤੇ ਪੰਥਕ ਆਗੂ ਜਿਨ੍ਹਾਂ ਦੇ ਮੋਢਿਆਂ 'ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਜ਼ਿੰਮੇਵਾਰੀ ਹੈ, ਨੇ ਮਜ਼੍ਹਬੀ ਸਿੱਖ ਦੇ ਸੂਰਮੇ ਭਾਈ ਢੇਰਾ ਸਿੰਘ, ਜਿਸ ਨੇ ਗੁਰੂ ਆਸੇ ਨੂੰ ਅਮਲ ਵਿੱਚ ਲਿਆਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਲਈ ਕੁਰਬਾਨੀ ਦੇ ਕੇ 15 ਨਵੰਬਰ 1920 ਵਿੱਚ ਝੰਡੇ ਗੱਡੇ, ਦੀ ਕੁਰਬਾਨੀ ਦਾ ਵੀ ਮੁੱਲ ਨਹੀਂ ਪਾਇਆ। ਇੱਥੇ ਮਜ਼੍ਹਬੀ ਸਿੱਖ ਭਾਈਚਾਰੇ ਦੇ ਮਹਾਨ ਸ਼ਹੀਦ ਬਾਬਾ ਜੀਵਨ ਸਿੰਘ ਦੇ ਜੀਵਨ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਮਜ਼੍ਹਬੀ ਸਿੱਖਾਂ ਦੀ ਤ੍ਰਾਸਦੀ ਨੂੰ ਉਜਾਗਰ ਕੀਤਾ ਜਾ ਸਕੇ।

ਬਾਬਾ ਜੀਵਨ ਸਿੰਘ ਦਾ ਜਨਮ ਪਿਤਾ ਭਾਈ ਸਦਾ ਨੰਦ ਤੇ ਬੀਬੀ ਪ੍ਰੇਮੋ (ਪ੍ਰੇਮ ਕੌਰ) ਦੇ ਘਰ ਹੋਇਆ। ਗੁਰੂ ਤੇਗ਼ ਬਹਾਦਰ ਜੀ ਨੇ 20 ਜੁਲਾਈ 1675 ਨੂੰ ਸ਼ਹੀਦੀ ਦੇਣ ਲਈ ਜਦੋਂ ਦਿੱਲੀ ਚਾਲੇ ਪਾਏ ਤਾਂ ਉਨ੍ਹਾਂ ਨੂੰ 15 ਸਤੰਬਰ 1675 ਨੂੰ ਪੰਜ ਪਿਆਰਿਆਂ ਸਮੇਤ ਆਗਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦੌਰਾਨ ਗੁਰੂ ਸਾਹਿਬ ਨੇ ਜੇਲ੍ਹ ਵਿੱਚ 57 ਸਲੋਕਾਂ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਬਾਬਾ ਜੀਵਨ ਸਿੰਘ ਨੂੰ ਇਹ 57 ਸਲੋਕ, ਪੰਜ ਪੈਸੇ, ਨਾਰੀਅਲ, ਤਿਲਕ ਅਤੇ 'ਗੁਰਿਆਈ ਹੁਕਨਾਮਾ' ਦੇ ਕੇ ਸ੍ਰੀ ਆਨੰਦਪੁਰ ਸਾਹਿਬ ਭੇਜਿਆ। ਬਾਬਾ ਜੀ ਨੇ ਆਨੰਦਪੁਰ ਸਾਹਿਬ ਪਹੁੰਚ ਕੇ ਸਾਰੀ ਸਮੱਗਰੀ ਬਾਲ ਗੋਬਿੰਦ ਰਾਏ ਨੂੰ ਸੌਂਪੀ ਅਤੇ ਦਿੱਲੀ ਦੇ ਹਾਲਾਤ ਤੋਂ ਜਾਣੂ ਕਰਵਾਇਆ ਅਤੇ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਅਟੱਲ ਹੈ। ਉਸ ਵੇਲੇ ਬਾਲ ਗੋਬਿੰਦ ਰਾਏ ਨੇ ਸੰਗਤ ਨੂੰ ਸ਼ਹੀਦ ਹੋਣ ਪਿੱਛੋਂ ਗੁਰੂ ਸਾਹਿਬ ਦਾ ਸੀਸ ਤੇ ਧੜ ਲਿਆਉਣ ਦੇ ਕਾਰਜ ਲਈ ਵੰਗਾਰਿਆ ਤਾਂ ਚਾਰੇ ਪਾਸੇ ਸੰਨਾਟਾ ਛਾ ਗਿਆ। ਜਦੋਂ ਸੰਗਤ ਵਿੱਚੋਂ ਕੋਈ ਨਾ ਉੱਠਿਆ ਤਾਂ ਬਾਬਾ ਜੀਵਨ ਸਿੰਘ ਨੇ ਇਹ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਅਤੇ ਭੇਸ ਬਦਲ ਕੇ ਦਿੱਲੀ ਪਹੁੰਚ ਗਏ।

ਜਦੋਂ 11 ਨਵੰਬਰ 1675 ਨੂੰ ਗੁਰੂ ਜੀ ਨੂੰ ਚਾਂਦਨੀ ਚੌਕ ਦਿੱਲੀ ਵਿੱਚ ਸ਼ਹੀਦ ਕੀਤਾ ਗਿਆ ਤਾਂ 11-12 ਨਵੰਬਰ 1675 ਦੀ ਰਾਤ ਨੂੰ ਬਾਬਾ ਜੀਵਨ ਸਿੰਘ, ਪਿਤਾ ਸਦਾ ਨੰਦ, ਤਾਇਆ ਆਗਿਆ ਰਾਮ, ਭਾਈ ਗੁਰਦਿੱਤਾ ਤੇ ਭਾਈ ਉਦੇ ਨਾਲ ਚਾਂਦਨੀ ਚੌਕ ਪਹੁੰਚੇ। ਬਾਬਾ ਜੀਵਨ ਸਿੰਘ ਨੇ ਆਪਣੇ ਪਿਤਾ ਸਦਾ ਨੰਦ ਦਾ ਸੀਸ ਕੱਟ ਦਿੱਤਾ ਤਾਂ ਜੋ ਉਸ ਨੂੰ ਗੁਰੂ ਸਾਹਿਬ ਦੇ ਸੀਸ ਨਾਲ ਬਦਲਿਆ ਜਾ ਸਕੇ ਅਤੇ ਧੜ ਦਾ ਸਸਕਾਰ ਆਪਣੇ ਘਰ ਭਾਈ ਕਲਿਆਣੇ ਦੀ ਧਰਮਸ਼ਾਲਾ ਪਿੰਡ ਰਾਇਸੀਨਾ ਦਿੱਲੀ ਵਿੱਚ ਕੀਤਾ। ਹਕੂਮਤ ਦੇ ਸਖ਼ਤ ਪਹਿਰੇ ਹੇਠੋਂ ਬਾਬਾ ਜੀਵਨ ਸਿੰਘ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਲੈ ਕੇ 15 ਨਵੰਬਰ 1675 ਨੂੰ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਬਾਲ ਗੋਬਿੰਦ ਰਾਏ ਨੇ ਸੰਗਤ ਨਾਲ 16 ਨਵੰਬਰ 1675 ਨੂੰ ਉਨ੍ਹਾਂ ਦੇ ਸੀਸ ਦਾ ਸਸਕਾਰ ਕਰ ਦਿੱਤਾ। ਇਸ ਮੌਕੇ ਬਾਲ ਗੋਬਿੰਦ ਰਾਏ ਨੇ ਬਾਬਾ ਜੀਵਨ ਸਿੰਘ ਨੂੰ ਗਲਵੱਕੜੀ ਵਿੱਚ ਲੈ ਕੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਖ਼ਿਤਾਬ ਦਿੱਤਾ। ਅਫ਼ਸੋਸ ਦੀ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਤੇ ਪੰਥਕ ਆਗੂਆਂ ਨੇ ਮਜ਼੍ਹਬੀ ਸਿੱਖਾਂ ਦੀਆਂ ਕੁਰਬਾਨੀਆ ਦਾ ਕੋਈ ਮੁੱਲ ਨਹੀਂ ਪਾਇਆ। ਜਦੋਂ ਡਾ. ਬੀ.ਆਰ. ਅੰਬੇਦਕਰ ਨੇ ਗੁਰੂ ਨਾਨਕ ਮਿਸ਼ਨ ਤੋਂ ਪ੍ਰਭਾਵਿਤ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਨਤਮਸਤਕ ਹੋਣ ਪਿੱਛੋਂ ਆਪਣੇ ਸਾਥੀਆਂ ਨਾਲ ਅੰਮ੍ਰਿਤ ਛਕਣ ਅਤੇ ਸਿੰਘ ਸਜਣ ਦੀ ਦਿਲੀ ਇੱਛਾ ਜ਼ਾਹਿਰ ਕੀਤੀ ਤਾਂ ਉਸ ਵਕਤ ਸ਼੍ਰੋਮਣੀ ਕਮੇਟੀ ਦੇ ਆਗੂ ਡਾ. ਅੰਬੇਦਕਾਰ ਨੂੰ ਦਲਿਤ ਆਗੂ ਸਮਝਣ ਦੀ ਥਾਂ ਜੇ ਉਸ ਦੀ ਅੰਦਰਲੀ ਭਾਵਨਾ ਸਮਝਦੇ ਅਤੇ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਤਾਂ ਸਿੱਖ ਭਾਈਚਾਰੇ ਦਾ ਹੋਰ ਵਿਕਾਸ ਹੋਣਾ ਸੀ। ਅਜਿਹੀਆਂ ਕਈ ਘਟਨਾਵਾਂ ਹਨ, ਜਿਨ੍ਹਾਂ ਨੇ ਮਜ਼੍ਹਬੀ ਸਿੱਖ ਭਾਈਚਾਰੇ ਨੂੰ ਭਾਰੀ ਠੇਸ ਪਹੁੰਚਾਈ ਹੈ। ਮਜ਼੍ਹਬੀ ਸਿੱਖ ਭਾਈਚਾਰੇ ਦੇ ਰਹਿਬਰ ਬਾਬਾ ਜੀਵਨ ਦਾ ਚਮਕੌਰ ਗੜ੍ਹੀ ਵਿੱਚ ਸ਼ਹੀਦ ਹੋਏ 40 ਸਿੰਘਾਂ ਦੀ ਸੂਚੀ ਵਿੱਚੋਂ ਨਾਂ ਹੀ ਗਾਇਬ ਕਰ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਵੱਲੋਂ ਬਾਬਾ ਜੀ ਦੇ ਪਿਤਾ ਭਾਈ ਸਦਾ ਨੰਦ ਦੀ ਕੁਰਬਾਨੀ ਅਤੇ ਮਜ਼੍ਹਬੀ ਸਿੱਖ ਭਾਈਚਾਰੇ ਵੱਲੋਂ ਕੀਤੀਆਂ ਕੁਰਬਾਨੀਆਂ ਦੇ ਸਨਮਾਨ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿੱਚ ਬਣਾਏ ਗਏ ਰੰਘਰੇਟਿਆਂ ਦੇ ਬੂੰਗੇ ਨੂੰ 1957 ਵਿੱਚ ਗਾਇਬ ਕਰ ਦਿੱਤਾ ਗਿਆ। ਇਸ ਕਾਰਨ ਮਜ਼੍ਹਬੀ ਸਿੱਖ ਭਾਈਚਾਰੇ ਦੇ ਵਿਦਵਾਨਾਂ ਨੂੰ ਦੁਬਾਰਾ ਬੂੰਗਾ ਸਥਾਪਿਤ ਕਰਵਾਉਣ ਲਈ ਹਾਈ ਕੋਰਟ ਦਾ ਸਹਾਰਾ ਲੈਣਾ ਪਿਆ।






# ਸਰੀਰ ਦਾ ਭਾਰ ਅਚਾਨਕ ਘਟਣ ਦੇ ਕਾਰਨ

ਜੇ ਤੁਸੀਂ ਡਾਈਟਿੰਗ ਕਰ ਰਹੇ ਹੋਵੇ, ਭੁੱਖ-ਹੜਤਾਲ ’ਤੇ ਹੋਵੋ ਜਾਂ ਕਿਸੇ ਅਜਿਹੇ ਭੂਗੋਲਿਕ ਖੇਤਰ ਵਿੱਚ ਹੋਵੋ ਜਿੱਥੇ ਭੋਜਨ ਦੀ ਘਾਟ ਹੋਵੇ ਤਾਂ ਭਾਰ ਘਟਣਾ ਸਪਸ਼ਟ ਹੈ, ਪਰ ਜੇ ਕੋਈ ਜ਼ਾਹਰਾ ਕਾਰਨ ਨਾ ਦਿਸੇ ਅਤੇ ਭਾਰ ਘਟ ਰਿਹਾ ਹੋਵੇ ਤਾਂ ਇਸ ਸਬੰਧੀ ਜਾਂਚ ਅਤੇ ਟੈਸਟ ਕਰਵਾਉਣੇ ਜ਼ਰੂਰੀ ਹੁੰਦੇ ਹਨ। ਇਸ ਤਰ੍ਹਾਂ ਭਾਰ ਘਟਣ ਦੇ ਕਾਰਨ ਹੋ ਸਕਦੇ ਹਨ- ਪਾਚਨ-ਪ੍ਰਣਾਲੀ ਜਾਂ ਅੰਤੜੀ ਰੋਗ, ਟੀ.ਬੀ., ਸ਼ੂਗਰ ਰੋਗ, ਲੰਮੇ ਸਮੇਂ ਦਾ (ਕਰੋਨਿਕ) ਰੋਗ, ਥਾਇਰੌਇਡ ਰੋਗ, ਪੇਟ ਦੇ ਕੀੜੇ/ਮਲ੍ਹੱਪ (ਪੈਰਾਸਾਇਟਸ), ਗੁਰਦਾ ਰੋਗ, ਦਿਲ ਦੀ ਬਿਮਾਰੀ, ਕੈਂਸਰ ਜਾਂ ਏਡਜ਼ ਆਦਿ।

ਪਾਚਨ-ਪ੍ਰਣਾਲੀ ਤੇ ਅੰਤੜੀ ਰੋਗ: ਇਸ ਵਿੱਚ ਬਿਮਾਰੀ ਕਾਰਨ ਰੁਕਾਵਟ, ਜੋ ਭੋਜਨ ਨਾਲੀ ਮਿਹਦੇ ਜਾਂ ਵੱਡੀ ਅੰਤੜੀ ਦੇ ਕੈਂਸਰ ਕਰਕੇ ਹੁੰਦੀ ਹੈ। ਪਾਚਣ-ਰਸਾਂ ਦੀ ਕਮੀ, ਅਪ੍ਰੇਸ਼ਨ ਦੁਆਰਾ ਪਾਚਣ-ਪ੍ਰਣਾਲੀ ਦਾ ਕਾਫ਼ੀ ਹਿੱਸਾ ਕੱਢਿਆ ਜਾਣਾ, ਤੇਜ਼ਾਬੀ-ਪਣ, ਅੰਤੜੀਆਂ ’ਚ ਕੈਂਸਰ-ਰਹਿਤ ਰਸੌਲੀਆਂ (ਪੌਲੀਪੋਸਿਸ), ਮਿਹਦੇ ਜਾਂ ਅੰਤੜੀਆਂ ਦੇ ਕੈਂਸਰ, ਅੰਤੜੀਆਂ ਦੇ ਪੈਰਾਸਾਈਟਸ ਜਾਂ ਕਿਸੇ ਖ਼ਾਸ ਭੋਜਨ ਪ੍ਰਤੀ ਅਲਰਜੀ ਆਦਿ ਕਰਕੇ ਸਰੀਰ ਨੂੰ ਭੋਜਨ ਤੋਂ ਤਾਕਤ ਨਹੀਂ ਮਿਲਦੀ ਤੇ ਸਰੀਰ ਦਾ ਭਾਰ ਘਟ ਸਕਦਾ ਜਾਂ ਘਟ ਜਾਂਦਾ ਹੈ। ਅੰਤੜੀ ਦੇ ਹੋਰ ਰੋਗ ਜਿਵੇਂ ਰੋਗ-ਸੀਲੀਅਕ ਡਿਸਈਜ਼, ਪੈਪਟਿਕ ਅਲਸਰ, ਕਰੋਹਨ ਡਿਸਈਜ਼, ਅਲਸਰੇਟਿਵ ਕੋਲਾਇਟਿਸ ਤੇ [illegible] ਆਦਿ ਵੀ ਸਰੀਰ ਦਾ ਭਾਰ ਘਟਾਉਂਦੇ ਹਨ।



ਇੱਕ ਮਨੋਰੋਗ ਜੋ ਆਮ ਕਰਕੇ ਕੁੜੀਆਂ ਜਾਂ ਔਰਤਾਂ ’ਚ ਹੁੰਦਾ ਹੈ ਜਿਸ ਵਿੱਚ ਮਰੀਜ਼ ਆਪਣੇ ਹੀ ਸਿਰ ਦੇ ਵਾਲ ਖਾਣ ਲੱਗ ਜਾਂਦੀ ਹੈ ਤੇ ਕੁੱਝ ਮਹੀਨਿਆਂ ਜਾਂ ਸਾਲ ਵਿੱਚ ਢਿੱਡ ਵਿੱਚ ਇੱਕ ਗੋਲਾ ਜਿਹਾ ਬਣ ਜਾਂਦਾ ਹੈ। ਮਿਹਦੇ ਵਿੱਚ ਵਾਲਾਂ ਦਾ ਗੁੱਛਾ ਹੋਣ ਕਾਰਨ ਭੋਜਨ ਪਚਾਉਣ ਦੀ ਸਮੱਸਿਆ ਆ ਜਾਂਦੀ ਹੈ। ਇਸ ਨੂੰ ਟਰਾਇਕੋ-ਬੇਜ਼ੋਆਰ ਕਿਹਾ ਜਾਂਦਾ ਹੈ। ਵਾਲਾਂ ਦਾ ਇਹ ਗੱਛਾ ਵੱਡੇ ਅਪ੍ਰੇਸ਼ਨ ਨਾਲ ਕੱਢਿਆ ਜਾਂਦਾ ਹੈ ਜੋ ਮਿਹਦੇ ਵਿੱਚ ਢਲ ਕੇ ਉਸੇ ਸ਼ਕਲ ਦਾ ਬਣ ਜਾਂਦਾ ਹੈ। ਅਪ੍ਰੇਸ਼ਨ ਤੋਂ ਬਾਅਦ ਰੋਗੀ ਦੀ ਭੁੱਖ ਤੇ ਭਾਰ ਠੀਕ ਹੋ ਜਾਂਦੇ ਹਨ।

ਟੀ.ਬੀ.: ਟੀ.ਬੀ. ਦੇ ਮਰੀਜ਼ ਦਾ ਭਾਰ ਇਸ ਲਈ ਘਟਦਾ ਹੈ ਕਿ ਇਸ ਰੋਗ ਦਾ ਕਾਰਨ ਬਣਨ ਵਾਲੇ ਬੈਕਟੀਰੀਆ-ਮਾਇਕੋਬੈਕਟੀਰੀਅਮ ਟਿਊਬਰਕੂਲੋਸਿਸ ਅਜਿਹੇ ਢੀਠ ਕਿਸਮ ਦੇ ਰੋਗਾਣੂ ਹਨ ਜੋ ਸਰੀਰ ਦੇ ਸੁਰੱਖਿਆ ਸਿਸਟਮ ਦੇ ਕਾਬੂ ਨਹੀਂ ਆਉਂਦੇ। ਇਸ ਲਈ ਇਹ ਸਿਸਟਮ ਉਸ ਨੂੰ ਖ਼ਤਮ ਨਹੀਂ ਕਰ ਸਕਦਾ ਜਿਸ ਕਰਕੇ ਬਿਮਾਰੀ ਲੰਮੀ ਹੋ ਜਾਂਦੀ ਹੈ। ਸਾਰੀ ਤਾਕਤ ਇਹ ਬੈਕਟੀਰੀਆ ਖਿੱਚ ਲੈਂਦੇ ਹਨ ਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ। ਇਸ ਰੋਗ ਵਿੱਚ ਵਿਅਕਤੀ ਨੂੰ ਪਤਾ ਨਹੀਂ ਲੱਗਦਾ ਕਿ ਉਸ ਨੂੰ ਟੀ.ਬੀ. ਹੈ। ਇਸ ਹਾਲਤ ਵਿੱਚ ਕਮਜ਼ੋਰੀ ਵਧਦੀ ਜਾਂਦੀ ਹੈ ਤੇ ਭਾਰ ਘਟਦਾ ਜਾਂਦਾ ਹੈ।

ਸ਼ੂਗਰ ਰੋਗ: ਜੇ ਕਿਸੇ ਵਿਅਕਤੀ ਦੇ ਸਰੀਰ ਦਾ ਭਾਰ ਪਹਿਲਾਂ ਸਾਧਾਰਨ ਸੀ ਜਾਂ ਥੋੜ੍ਹਾ ਮੋਟਾਪਾ ਸੀ ਪਰ ਕੁੱਝ ਮਹੀਨਿਆਂ ਵਿੱਚ ਹੀ ਬਿਨਾਂ ਕਿਸੇ ਗਿਆਤ ਕਾਰਨ ਦੇ ਇਹ ਭਾਰ 6 ਕਿਲੋ ਘਟ ਗਿਆ ਤਾਂ ਸਮਝੋ ਕਿ ਕੋਈ ਸਮੱਸਿਆ ਹੈ। ਪਿਸ਼ਾਬ ਟੈਸਟ ਕਰਵਾਉਣ ’ਤੇ ਪਤਾ ਲੱਗਦਾ ਹੈ ਕਿ ਸ਼ੂਗਰ ਹੋ ਗਈ ਹੈ। ਜਦੋਂ ਇੰਨਸੂਲਿਨ (ਜੋ ਲਬਲਬੇ ਜਾਂ ਪੈਂਕਰੀਆਜ਼ ਵਿੱਚ ਬਣਦੀ ਹੈ) ਦੀ ਮਾਤਰਾ ਘਟ ਜਾਵੇ ਜਾਂ ਇਸ ਦਾ ਅਸਰ ਘਟ ਜਾਵੇ ਤਾਂ ਬੰਦੇ ਨੂੰ ਸ਼ੂਗਰ ਰੋਗ ਹੋ ਜਾਂਦਾ ਹੈ। ਟਾਇਪ-2 ਵਾਲਾ ਸ਼ੂਗਰ ਰੋਗ ਹੌਲੀ-ਹੌਲੀ ਸ਼ੁਰੂ ਹੁੰਦਾ ਹੈ। ਕਈਆਂ ਲੋਕਾਂ ਨੂੰ ਬੜੇ ਸਾਲਾਂ ਤੋਂ ਮਾੜੇ-ਮੋਟੇ ਲੱਛਣ ਹੁੰਦੇ ਹਨ ਜੋ ਅਣਗੌਲੇ ਹੋ ਜਾਂਦੇ ਹਨ ਤੇ ਕਈ ਕਈ ਸਾਲ ਡਾਇਗਨੋਸਿਸ ਹੀ ਨਹੀਂ ਬਣਦਾ। ਪਰ ਕਈਆਂ ਵਿੱਚ ਵਧੇਰੇ ਭੁੱਖ, ਵਧੇਰੇ ਤੇਹ ਤੇ ਵਧੇਰੇ ਪਿਸ਼ਾਬ ਵਾਲੇ ਤਿੰਨੇ ਲੱਛਣਾਂ ਦੇ ਨਾਲ ਨਾਲ ਥਕਾਵਟ, ਕਮਜ਼ੋਰੀ, ਭਾਰ ਦਾ ਘਟਣਾ, ਸੈਕਸ ਪ੍ਰਤੀ ਕਮਜ਼ੋਰੀ, ਨਜ਼ਰ ਘਟਣੀ ਅਤੇ ਹੱਥਾਂ-ਪੈਰਾਂ ’ਚ ਕੀੜੀਆਂ ਤੁਰਨੀਆਂ ਆਦਿ ਲੱਛਣ ਨਾਲੋ-ਨਾਲ ਆ ਜਾਂਦੇ ਹਨ। ਭਾਰ ਘਟਣਾ ਅਤੇ ਬਾਕੀ ਲੱਛਣ ਇਸ ਗੱਲ ’ਤੇ ਨਿਰਭਰ ਕਰਦੇ ਹਨ ਕਿ ਪਿਸ਼ਾਬ ਅਤੇ ਖ਼ੂਨ ਵਿੱਚ ਗੁਲੂਕੋਜ਼ ਦੇ ਪੱਧਰ ਕਿੰਨਾ ਕੁ ਹੈ। ਜੇ ਇਹ ਪੱਧਰ ਕਾਫ਼ੀ ਸਮੇਂ ਤੋਂ ਵੱਧ ਹੈ ਤਾਂ ਇਹ ਲੱਛਣ ਵਧੇਰੇ ਹੋਣਗੇ। ਇਸ ਲਈ ਸ਼ੂਗਰ ਦੇ ਰੋਗੀਆਂ ਨੂੰ ਚਾਹੀਦਾ ਹੈ ਕਿ ਦਵਾਈਆਂ, ਪਰਹੇਜ਼ ਤੇ ਵਰਜ਼ਿਸ਼ ਨਾਲ ਆਪਣੇ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਵਿੱਚ ਰੱਖਣ।



ਬਾਕੀ ਕੰਮਾਂ ਦੇ ਨਾਲ ਨਾਲ ਥਾਇਰੌਇਡ ਹਾਰਮੋਨ, ਬੀ.ਐਮ.ਆਰ. (ਬੇਸਲ ਮੈਟਾਬੋਲਿਕ ਰੇਟ) ਨੂੰ ਕੰਟਰੋਲ ਕਰਕੇ ਸਰੀਰ ਦੇ ਭਾਰ ਨੂੰ ਰੈਗੂਲੇਟ ਕਰਦਾ ਹੈ। ਜਿਨ੍ਹਾਂ ਵਿਅਕਤੀਆਂ ਵਿੱਚ ਇਸ ਹਾਰਮੋਨ ਦੀ ਕਮੀ (ਹਾਇਪੋ-ਥਾਇਰਾਇਡਜ਼ਮ) ਹੋ ਜਾਂਦੀ ਹੈ ਉਨ੍ਹਾਂ ਦੀ ਭੁੱਖ ਘਟਣ ਦੇ ਬਾਵਜੂਦ ਭਾਰ ਵਧ ਜਾਂਦਾ ਹੈ, ਚਮੜੀ ਤੇ ਹਥੇਲੀਆਂ ਸਖ਼ਤ ਤੇ ਖੁਸ਼ਕ ਹੋ ਜਾਂਦੀਆਂ ਹਨ, ਨਬਜ਼ ਦੀ ਦਰ ਘਟ ਜਾਂਦੀ ਹੈ, ਮੁੜ੍ਹਕਾ ਘੱਟ ਆਉਂਦਾ ਹੈ, ਗਰਮੀ ਘੱਟ ਤੇ ਠੰਢ ਵਧੇਰੇ ਲਗਦੀ ਹੈ। ਜਦੋਂ ਇਹ ਹਾਰਮੋਨ ਜ਼ਿਆਦਾ ਬਣਨ ਲੱਗੇ (ਹਾਇਪਰ-ਥਾਇਰਾਇਡਿਜ਼ਮ) ਤਾਂ ਨਬਜ਼ ਤੇਜ਼, ਜ਼ਿਆਦਾ ਭੁੱਖ, ਭਾਰ ਦਾ ਘਟਣਾ, ਚਮੜੀ ਤੇ ਹਥੇਲੀਆਂ ਗਰਮ ਤੇ ਸਿੱਲ੍ਹੀਆਂ, ਬਲੱਡ-ਪ੍ਰੈਸ਼ਰ ਜ਼ਿਆਦਾ, ਵਧੇਰੇ ਗਰਮੀ ਲਗਣੀ ਅਤੇ ਦਿਲ ਧੱਕ ਧੱਕ ਵੱਜਣਾ ਆਦਿ ਲੱਛਣ ਹੁੰਦੇ ਹਨ।

ਕੈਂਸਰ: ਭਾਰ ਘਟਣ ਦਾ ਇੱਕ ਆਮ ਹੀ ਕਾਰਨ ਹੈ। ਬਿਨਾਂ ਕਿਸੇ ਜ਼ਾਹਰਾ ਕਾਰਨ ਤੋਂ ਸਰੀਰ ਦਾ ਭਾਰ ਘਟ ਰਿਹਾ ਹੋਵੇ ਤਾਂ ਇਸ ਦੇ ਕੁੱਲ ਕਾਰਨਾਂ ਦਾ ਤੀਜਾ ਹਿੱਸਾ ਕੈਂਸਰ ਹੁੰਦੇ ਹਨ। ਇਹ ਹਨ: ਮਿਹਦੇ ਤੇ ਅੰਤੜੀਆਂ, ਗਦੂਦਾਂ, ਜਿਗਰ, ਲਬਲਬੇ (ਪੈਂਕਰੀਆਜ਼), ਔਰਤਾਂ ਵਿੱਚ ਅੰਡਕੋਸ਼ (ਓਵਰੀ) ਤੇ ਫੇਫੜਿਆਂ ਜਾਂ ਖ਼ੂਨ ਦੇ ਕੈਂਸਰ। ਕੈਂਸਰ ਵਿਸ਼ੇ ਅੰਦਰ ਇੱਕ ਲਫ਼ਜ਼ ਆਉਂਦਾ ਹੈ ‘ਕੈਂਸਰ ਕੇਕੈਕਸੀਆ’, ਇਹ ਯੂਨਾਨੀ ਸ਼ਬਦ ਹੈ ਜਿਸ ਦਾ ਮਤਲਬ ਹੈ ‘ਖੁਰ ਜਾਣਾ’ ਜਾਂ ਹੌਲੀ ਹੌਲੀ ਕਰਕੇ ਤੇ ਘਟਦੇ ਘਟਦੇ ਖ਼ਤਮ ਹੋ ਜਾਣਾ। ਕੈਂਸਰ ਦੇ ਰੋਗੀਆਂ ਵਿੱਚ ਸਰੀਰ ਦਾ ਭਾਰ ਨਿਮਨ ਅਨੁਸਾਰ ਘਟਦਾ ਹੈ ਕਿਉਂਕਿ ਭੁੱਖ ਵੀ ਘਟਦੀ ਹੈ ਇਸ ਲਈ ਘੱਟ ਆਹਾਰ ਕਰਕੇ ਭਾਰ ਵਿੱਚ ਕਮੀ ਆਉਂਦੀ ਹੈ ਜਿਸ ਬਾਰੇ ਕੈਂਸਰ ਡਾਇਗਨੋਜ਼ ਹੋਣ ਤੋਂ ਪਹਿਲਾਂ ਵਿਅਕਤੀ ਨੂੰ ਪਤਾ ਹੀ ਨਹੀਂ ਲਗਦਾ। ਕਈ ਵਾਰ ਕੈਂਸਰ ਦੀ ਗਿਲ੍ਹਟੀ ਜਾਂ ਜੜ੍ਹਾਂ ਜਾਂ ਮੈਟਾ-ਸਟੇਸਿਸ (ਜੇ ਫੈਲ ਚੁੱਕਿਆ ਹੋਵੇ ਤਾਂ) ਸਰੀਰ ਦੇ ਅਜਿਹੇ ਅੰਗ ਜਾਂ ਥਾਂ ਉੱਤੇ ਹੁੰਦੀ ਹੈ ਜੋ ਭੋਜਨ ਦੇ ਰਸਤੇ ਵਿੱਚ ਰੁਕਾਵਟ ਬਣ ਰਿਹਾ ਹੋਵੇ।

ਏਡਜ਼: ਇਸ ਰੋਗ ਦੇ ਮਰੀਜ਼ਾਂ ਵਿੱਚ ਵੀ ਭਾਰ ਘਟਦਾ ਹੈ ਤੇ ਆਖ਼ਰੀ ਸਟੇਜ ’ਤੇ ਉਹ ਸਿਰਫ਼ ਹੱਡੀਆਂ ਦੀ ਮੁੱਠ ਰਹਿ ਜਾਂਦਾ ਹੈ।

ਗੁਰਦਾ ਰੋਗ: ਗੁਰਦੇ ਫੇਲ੍ਹ ਹੋ ਜਾਣ ਤਾਂ ਭੁੱਖ ਘਟਣ ਅਤੇ ਉਲਟੀਆਂ ਆਉਣ ਕਰਕੇ ਸਰੀਰ ਦਾ ਭਾਰ ਘਟ ਜਾਂਦਾ ਹੈ।

ਦਿਲ ਦੇ ਕੁੱਝ ਰੋਗ ਜਿਵੇਂ ਕੰਜੈਸਟਿਵ-ਹਾਰਟ-ਫੇਲਿਅਰ, ਫੇਫੜਿਆਂ ਦੀਆਂ ਕੁੱਝ ਬਿਮਾਰੀਆਂ ਜਿਵੇਂ ਟੀ.ਬੀ. ਤੇ ਹੋਰ ਸਾਹ ਦੀ ਰੁਕਾਵਟ ਪੈਦਾ ਕਰਨ ਵਾਲੇ ਰੋਗ, ਕੁੱਝ ਨਿਊਰੌਲੋਜੀਕਲ ਬਿਮਾਰੀਆਂ ਜਿਵੇਂ ਡਿਮੈਂਸ਼ੀਆ ਆਦਿ ਨਾਲ ਵੀ ਸਰੀਰ ਦਾ ਭਾਰ ਘਟ ਜਾਂਦਾ ਹੈ।

ਵਧਦੀ ਉਮਰ ਭਾਵ ਬੁਢਾਪੇ ਵਾਲੀ ਉਮਰੇ, ਉਂਜ ਭਾਵੇਂ ਕੋਈ ਵੀ ਤਕਲੀਫ਼ ਨਾ ਹੋਵੇ ਪਰ ਏਜਿੰਗ ਪ੍ਰੌਸੈਸ ਨਾਲ ਵੀ ਭਾਰ ਘਟਦਾ ਹੈ। ਇਸ ਉਮਰ ਵਿੱਚ ਖ਼ੂਨ ਦੀਆਂ ਨਸਾਂ ਵਿੱਚ ਵਹਾ ਦੀ ਗਤੀ ਘਟ ਜਾਂਦੀ ਹੈ, ਸਰੀਰ ਦੇ ਪੱਠਿਆਂ ਤੇ ਸੈੱਲਾਂ ਨੂੰ ਮਿਲਣ ਵਾਲੀ ਪੌਸ਼ਟਿਕਤਾ ਦੇ ਘਟਣ ਕਾਰਨ ਕਮਜ਼ੋਰੀ ਰਹਿੰਦੀ ਹੈ। ਇਸ ਹਾਲਤ ਵਿੱਚ ਸਰੀਰ ਕਈ ਵਾਰ ਕੰਬਣ ਲਗਦਾ ਹੈ ਤੇ ਭਾਰ ਘਟਦਾ ਹੈ। ਇਸ ਬਾਰੇ ਸੇਖ਼ ਫ਼ਰੀਦੀ ਜੀ ਆਖਦੇ ਹਨ- ਬੁੱਢਾ ਹੋਇਆ ਸ਼ੇਖ ਫਰੀਦ ਕੰਬਣ ਲਗੀ ਦੇਹ।

ਇਸ ਤੋਂ ਇਲਾਵਾ ਸਰੀਰ ਅਤੇ ਦਿਮਾਗ ’ਤੇ ਕੋਈ ਬੋਝ ਹੋਵੇ ਉਹ ਵੀ ਭਾਰ ਘਟਾਉਂਦਾ ਹੈ। ਇਸ ਹਾਲਤ ਵਿੱਚ ਬੰਦਾ ਮਾੜਾ ਹੋ ਜਾਂਦਾ ਹੈ ਤੇ ਅੰਤ ਰੋਗੀ ਹੋ ਜਾਂਦਾ ਹੈ।

# ਘਰ ਵਿਚ ਬਣੇ ਪੈਕ ਨਾਲ ਨਿਖਾਰੋ ਆਪਣਾ ਚਿਹਰਾ



ਘਰ ਵਿਚ ਬਣੇ ਫੇਸ ਪੈਕ ਦੁਆਰਾ ਆਪਣੀ ਸੁੰਦਰਤਾ ਨੂੰ ਘੱਟ ਸਮੇਂ ਵਿਚ ਹੀ ਨਿਖਾਰਿਆ ਜਾ ਸਕਦਾ ਹੈ। ਤੁਹਾਡੀ ਰਸੋਈ ਵਿਚ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਮੌਜੂਦ ਹਨ, ਜਿਨ੍ਹਾਂ ਦੀ ਵਰਤੋਂ ਨਾਲ ਤੁਸੀਂ ਘਰ ਬੈਠੇ ਕੁਦਰਤੀ ਫੇਸ ਪੈਕ ਦੁਆਰਾ ਆਪਣੀ ਚਮੜੀ ਦੀ ਕਿਸਮ ਅਨੁਸਾਰ ਫੇਸ ਪੈਕ ਬਣਾ ਕੇ ਉਸ ਨੂੰ ਚਿਹਰੇ ‘ਤੇ ਲਗਾ ਕੇ ਆਪਣੀ ਚਮੜੀ ਨੂੰ ਖ਼ੂਬਸੂਰਤ ਬਣਾ ਸਕਦੇ ਹੋ।

**ਰੁੱਖੀ ਚਮੜੀ** : ਦੋ ਚਮਚੇ ਮਿਲਕ ਪਾਊਡਰ ਵਿਚ, ਦੋ ਚਮਚੇ ਸ਼ਹਿਦ ਅਤੇ ਪਾਣੀ ਦੀਆਂ ਕੁਝ ਬੂੰਦਾਂ ਪਾ ਕੇ ਇਕ ਪੇਸਟ ਤਿਆਰ ਕਰੋ। ਜੇ ਤੁਹਾਡੀ ਚਮੜੀ ਜ਼ਿਆਦਾ ਰੁੱਖੀ ਹੈ ਤਾਂ ਇਸ ਵਿਚ ਪਾਣੀ ਦੀ ਜਗ੍ਹਾ ਗੁਲਾਬ ਜਾਂ ਬਦਾਮ ਦੇ ਤੇਲ ਦੀ ਵਰਤੋਂ ਕਰ ਸਕਦੇ ਹੋ। ਇਸ ਨੂੰ ਚਿਹਰੇ ‘ਤੇ 15 ਮਿੰਟ ਤੱਕ ਰੱਖਣ ਤੋਂ ਬਾਅਦ ਆਪਣੇ ਚਿਹਰੇ ਨੂੰ ਧੋ ਲਓ।

**ਤੇਲੀ ਚਮੜੀ** : ਦੋ ਚਮਚੇ ਮੁਲਤਾਨੀ ਮਿੱਟੀ ਵਿਚ, ਇਕ ਚਮਚਾ ਗੁਲਾਬ ਜਲ ਅਤੇ ਕੁਝ ਬੂੰਦਾਂ ਨਿੰਬੂ ਦੇ ਰਸ ਦੀਆਂ ਪਾ ਕੇ ਇਕ ਪੇਸਟ ਤਿਆਰ ਕਰੋ। ਇਸ ਨੂੰ ਆਪਣੇ ਚਿਹਰੇ ‘ਤੇ ਲਗਾਓ ਅਤੇ 10 ਮਿੰਟ ਬਾਅਦ ਧੋ ਲਓ। ਮੁਲਤਾਨੀ ਮਿੱਟੀ ਵਿਚ ਸੰਤਰੇ ਦਾ ਰਸ ਮਿਲਾ ਕੇ ਵੀ ਚਿਹਰੇ ‘ਤੇ ਲਗਾਇਆ ਜਾ ਸਕਦਾ ਹੈ। **ਆਮ ਚਮੜੀ** : ਖੀਰੇ ਨੂੰ ਦੋ ਕਿਊਬ ਵਿਚ ਕੱਟੋ, ਉਸ ਵਿਚ ਅੱਧਾ ਕੱਪ ਓਟਸ ਮਿਲਾ ਕੇ ਦਰਦਰਾ ਪੇਸਟ ਤਿਆਰ ਕਰੋ। ਇਸ ਪੇਸਟ ਨੂੰ ਰੈਫਰੀਜਰੇਟਰ ਵਿਚ ਰੱਖ ਕੇ ਇਕ ਹਫ਼ਤੇ ਤੱਕ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤਿਆਰ ਪੇਸਟ ਵਿਚ ਇਕ ਚਮਚਾ ਮਲਾਈ ਪਾ ਕੇ ਇਸ ਨੂੰ ਚੰਗੀ ਤਰ੍ਹਾਂ ਮਿਲਾ ਲਓ। ਇਸ ਨੂੰ ਆਪਣੇ ਚਿਹਰੇ ‘ਤੇ ਲਗਾਓ ਅਤੇ 10 ਮਿੰਟ ਤੱਕ ਲਗਾ ਕੇ ਰੱਖੋ। ਇਸ ਤੋਂ ਬਾਅਦ ਇਸ ਨੂੰ ਠੰਢੇ ਪਾਣੀ ਨਾਲ ਧੋ ਲਓ। **ਮਿਲੀਜੁਲੀ ਚਮੜੀ** : ਅੱਧਾ ਕੱਪ ਦਹੀਂ ਵਿਚ ਆਂਡੇ ਦੀ ਸਫੈਦੀ ਮਿਲਾ ਕੇ ਇਸ ਨੂੰ ਚੰਗੀ ਤਰ੍ਹਾਂ ਮਿਕਸ ਕਰ ਲਓ। ਇਸ ਨੂੰ ਚਿਹਰੇ ‘ਤੇ 15 ਮਿੰਟ ਤੱਕ ਲਗਾ ਕੇ ਰੱਖਣ ਤੋਂ ਬਾਅਦ ਧੋ ਲਓ। ਇਸ ਤੋਂ ਇਲਾਵਾ ਪੱਕੇ ਫਲਾਂ ਜਿਵੇਂ ਸਟਰਾਬਰੀ, ਕੀਵੀ, ਪਪੀਤਾ ਅਤੇ ਕੇਲੇ ਵਰਗੇ ਫਲਾਂ ਦੁਆਰਾ ਵੀ ਪੇਸਟ ਤਿਆਰ ਕੀਤਾ ਜਾ ਸਕਦਾ ਹੈ। ਫਲ ਨੂੰ ਚੰਗੀ ਤਰ੍ਹਾਂ ਮੈਸ਼ ਕਰਨ ਤੋਂ ਬਾਅਦ ਇਸ ਵਿਚ ਥੋੜ੍ਹਾ ਸ਼ਹਿਦ ਅਤੇ ਨਿੰਬੂ ਦਾ ਰਸ ਮਿਲਾ ਲਓ। ਇਸ ਪੇਸਟ ਨੂੰ 10-12 ਮਿੰਟ ਤੱਕ ਚਿਹਰੇ ‘ਤੇ ਲਗਾ ਕੇ ਰੱਖੋ ਅਤੇ ਇਸ ਤੋਂ ਬਾਅਦ ਧੋ ਲਓ।

**ਸੰਵੇਦਨਸ਼ੀਲ ਚਮੜੀ** : ਜਿਨ੍ਹਾਂ ਦੀ ਚਮੜੀ ਸੰਵੇਦਨਸ਼ੀਲ ਹੁੰਦੀ ਹੈ, ਉਨ੍ਹਾਂ ਨੂੰ ਘਰ ਵਿਚ ਬਣੇ ਫੇਸਪੈਕ ਦੀ ਵਰਤੋਂ ਕਰਨ ਤੋਂ ਪਹਿਲਾਂ ਚਮੜੀ ਰੋਗ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਦੋ ਚਮਚੇ ਓਟ ਵਿਚ ਦੋ ਚਮਚੇ ਬਦਾਮ ਮਿਲਾ ਕੇ ਪਾਊਡਰ ਤਿਆਰ ਕਰੋ। ਉਸ ਵਿਚ ਅੱਧੇ ਖੀਰੇ ਨੂੰ ਕੱਦੂਕਸ਼ ਕਰਕੇ ਉਸ ਦਾ ਰਸ ਕੱਢੋ। ਇਸ ਪੇਸਟ ਨੂੰ ਠੰਢਾ ਕਰਨ ਤੋਂ ਬਾਅਦ ਚਿਹਰੇ ‘ਤੇ 15 ਮਿੰਟ ਤੱਕ ਲਗਾ ਕੇ ਰੱਖੋ ਅਤੇ ਉਸ ਤੋਂ ਬਾਅਦ ਚਿਹਰਾ ਧੋ ਲਓ।ਪੈਕ ਲਗਾਉਣ ਤੋਂ ਪਹਿਲਾਂ : × ਚਿਹਰੇ ‘ਤੇ ਪੈਕ ਲਗਾਉਣ ਤੋਂ ਪਹਿਲਾਂ ਚਿਹਰੇ ਨੂੰ ਚੰਗੀ ਤਰ੍ਹਾਂ ਧੋ ਕੇ ਉਸ ਨੂੰ ਥਪਥਪਾ ਕੇ ਸੁਕਾਓ। × ਚਿਹਰੇ ‘ਤੇ ਇਕਸਾਰ ਮਾਸਕ ਲਗਾਓ। × ਗੁਲਾਬ ਜਲ ਵਿਚ ਰੂੰ ਭਿਉਂ ਕੇ ਅੱਖਾਂ ‘ਤੇ ਰੱਖੋ। × ਪੈਕ ਨੂੰ ਜਿੰਨੇ ਸਮੇਂ ਤੱਕ ਚਿਹਰੇ ‘ਤੇ ਲਗਾ ਕੇ ਰੱਖੋ, ਉਸ ਤੋਂ ਬਾਅਦ ਠੰਢੇ ਪਾਣੀ ਨਾਲ ਚਿਹਰੇ ਨੂੰ ਧੋਵੋ ਅਤੇ ਕਿਸੇ ਸਖ਼ਤ ਤੌਲੀਏ ਨਾਲ ਪੂੰਝਣ ਦੀ ਬਜਾਏ ਚਿਹਰੇ ਨੂੰ ਥਪਥਪਾ ਕੇ ਸੁਕਾਓ।

# ਦੀਪਿਕਾ-ਰਣਵੀਰ ਨੇ ਦੇਹਰਾਦੂਨ 'ਚ ਮਨਾਈ ਵਿਆਹ ਦੀ ਤੀਜੀ ਵਰ੍ਹੇਗੰਢ

14 ਨਵੰਬਰ ਨੂੰ ਬਾਲੀਵੁੱਡ ਦੀ ਖ਼ੂਬਸੂਰਤ ਜੋੜੀ ਰਣਵੀਰ ਸਿੰਘ ਤੇ ਦੀਪੀਕਾ ਪਾਦੂਕੋਣ ਦੇ ਵਿਆਹ ਨੂੰ 3 ਸਾਲ ਪੂਰੇ ਹੋ ਗਏ ਹਨ। ਦੋਵੇਂ ਆਪਣੇ ਵਿਆਹ ਦੀ ਤੀਜੀ ਵਰ੍ਹੇਗੰਢ ਮਨਾਉਣ ਲਈ ਦੇਹਰਾਦੂਨ ਪਹੁੰਚੇ ਸਨ। ਉੱਧਰ, ਬਾਲੀਵੁੱਡ ਦੇ ਇਸ ਕਿਊਟ ਕੱਪਲ ਨੂੰ ਇਨ੍ਹਾਂ ਦੇ ਫ਼ੈਨਜ਼ ਤੋਂ ਲੈ ਕੇ ਸੈਲੇਬ੍ਰਿਟੀਜ਼ ਵੀ ਵਿਆਹ ਦੀ ਵਰ੍ਹੇਗੰਢ ਦੀਆਂ ਵਧਾਈਆਂ ਦੇ ਰਹੇ ਹਨ। ਐਤਵਾਰ ਨੂੰ ਇਸ ਜੋੜੇ ਨੂੰ ਦੇਹਰਾਦੂਨ ਏਅਰਪੋਰਟ 'ਤੇ ਦੇਖਿਆ ਗਿਆ ਸੀ, ਜਿਸ ਦਾ ਇੱਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਿਹਾ ਹੈ। ਲੋਕਾ ਰਣਵੀਰ-ਦੀਪਿਕਾ ਦੇ ਇਸ ਵੀਡੀਓ ਨੂੰ ਖ਼ੂਬ ਦੇਖ ਰਹੇ ਹਨ ਅਤੇ ਸ਼ੇਅਰ ਵੀ ਕਰ ਰਹੇ ਹਨ।

ਆਮ ਤੌਰ 'ਤੇ ਬਾਲੀਵੁੱਡ ਸੈਲੀਬ੍ਰਿਟੀ ਆਪਣੇ ਖ਼ਾਸ ਦਿਨਾਂ ਨੂੰ ਵਿਦੇਸ਼ਾਂ 'ਚ ਜਾ ਕੇ ਸੈਲੀਬ੍ਰੇਟ ਕਰਨਾ ਪਸੰਦ ਕਰਦੇ ਹਨ ਪਰ ਰਣਵੀਰ ਅਤੇ ਦੀਪਿਕਾ ਨੇ ਆਪਣੀ ਤੀਜੀ ਵਰ੍ਹੇਗੰਢ ਆਪਣੇ ਦੇਸ਼ 'ਚ ਹੀ ਮਨਾਉਣ ਦਾ ਫ਼ੈਸਲਾ ਕੀਤਾ। ਉੱਤਰਾਖੰਡ ਦੇ ਦੇਹਰਾਦੂਨ ਦੇ ਜੌਲੀ ਗ੍ਰਾਂਟ ਏਅਰਪੋਰਟ ਦਾ ਇਹ ਵੀਡੀਓ ਪੱਤਰਕਾਰ ਵਾਇਰਲ ਭਾਯਾਨੀ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਸ਼ੇਅਰ ਕੀਤਾ। ਵੀਡੀਓ 'ਚ ਦੋਵੇਂ ਇੱਕ-ਦੂਜੇ ਦਾ ਹੱਥ ਫੜ ਕੇ ਤੁਰਦੇ ਨਜਰ ਆ ਰਹੇ ਹਨ।

ਦੱਸ ਦਈਏ ਕਿ ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਨੇ ਆਪਣੀ ਪਹਿਲੀ ਮੈਰਿਜ ਐਨੀਵਰਸਰੀ ਵੀ ਆਪਣੇ ਦੇਸ਼ 'ਚ ਹੀ ਮਨਾਈ ਸੀ। ਉਸ ਸਮੇਂ ਦੋਵੇਂ ਪਹਿਲਾਂ ਸਾਊਥ ਦੇ ਵੈਂਕਟੇਸ਼ਵਰ ਮੰਦਰ 'ਚ ਆਸ਼ੀਰਵਾਦ ਲੈਣ ਪਹੁੰਚੇ ਸਨ। ਇਸ ਤੋਂ ਬਾਅਦ ਦੋਵਾਂ ਨੇ ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ ਜੀ ਜਾ ਕੇ ਮੱਥਾ ਟੇਕਿਆ ਸੀ। ਦੋਵੇਂ ਸਟਾਰਜ਼ ਨੇ ਆਪਣੀ ਤਸਵੀਰ ਵੀ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਸੀ।

14 ਨਵੰਬਰ 2018 ਨੂੰ ਦੀਪਿਕਾ ਅਤੇ ਰਣਵੀਰ ਨੇ ਇਟਲੀ 'ਚ ਵਿਆਹ ਕਰਵਾਇਆ ਸੀ। ਦੋਵਾਂ ਨੇ ਪਹਿਲਾਂ ਕੋਂਕਣੀ ਅਤੇ ਫ਼ਿਰ ਬਾਅਦ ਸਿੰਧੀ ਰਵਾਇਤਾਂ ਅਨੁਸਾਰ, ਵਿਆਹ ਦੀਆਂ ਰਸਮਾਂ ਅਦਾ ਕੀਤੀਆਂ ਸਨ। ਫ਼ਿਰ ਉਨ੍ਹਾਂ ਨੇ ਮੁੰਬਈ ਅਤੇ ਬੈਂਗਲੂਰੂ 'ਚ ਵਿਆਹ ਦੀ ਸ਼ਾਨਦਾਰ ਪਾਰਟੀ ਦਿੱਤੀ ਸੀ। ਫ਼ਿਲਹਾਲ, ਰਣਵੀਰ ਸਿੰਘ ਆਪਣੇ ਕਰੀਅਰ ਦੇ ਪਹਿਲੇ ਟੀ. ਵੀ. ਸ਼ੋਅ 'ਦਿ ਬਿੱਗ ਪਿੱਕਚਰ' ਨੂੰ ਹੋਸਟ ਕਰ ਰਹੇ ਹਨ। ਸ਼ੋਅ ਦੇ ਇੱਕ ਐਪੀਸੋਡ 'ਚ ਰਣਵੀਰ ਨੇ ਕਿਹਾ ਕਿ ਉਹ ਹੁਣ ਆਪਣਾ ਪਰਿਵਾਰ ਅੱਗੇ ਵਧਾਉਣ ਬਾਰੇ ਵਿਚਾਰ ਕਰ ਰਹੇ ਹਨ। ਇਸ ਸ਼ੋਅ ਨੂੰ ਦਰਸ਼ਕ ਬਹੁਤ ਪਿਆਰ ਦੇ ਰਹੇ ਹਨ. ਜੇ ਗੱਲ ਕਰੀਏ ਦੋਵਾਂ ਦੇ ਕੰਮ ਦੀ ਤਾਂ ਰਣਵੀਰ ਅਤੇ ਦੀਪਿਕਾ ਜਲਦ ਹੀ ਫ਼ਿਲਮ '83' 'ਚ ਇਕੱਠੇ ਨਜ਼ਰ ਆਉਣਗੇ। ਇਹ ਫ਼ਿਲਮ ਦਸੰਬਰ ਦੇ ਆਖ਼ਰੀ ਹਫ਼ਤੇ 'ਚ ਰਿਲੀਜ਼ ਹੋਵੇਗੀ। ਉਮੀਦ ਕੀਤੀ ਜਾ ਰਹੀ ਹੈ ਕਿ ਇਹ ਫ਼ਿਲਮ ਬਾਕਸ ਆਫ਼ਿਸ 'ਤੇ ਰਿਕਾਰਡ ਤੋੜ ਕਮਾਈ ਕਰੇਗੀ।



# ਇਹ ਸਿਤਾਰੇ ਹੋਣਗੇ ਵਿੱਕੀ ਕੌਸ਼ਲ ਤੇ ਕੈਟਰੀਨਾ ਕੈਫ ਦੇ ਵਿਆਹ 'ਚ ਸ਼ਾਮਲ



ਕੈਟਰੀਨਾ ਕੈਫ ਤੇ ਵਿੱਕੀ ਕੌਸਲ ਜਲਦ ਹੀ ਵਿਆਹ ਦੇ ਬੰਧਨ 'ਚ ਬੱਝਣ ਜਾ ਰਹੇ ਹਨ। ਉਨ੍ਹਾਂ ਦੇ ਸਾਨਦਾਰ ਸਮਾਗਮ 'ਚ ਸਾਮਲ ਹੋਣ ਵਾਲੇ ਮਹਿਮਾਨਾਂ ਦੇ ਨਾਵਾਂ ਦੀ ਸੂਚੀ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਜੋੜਾ ਬਾਲੀਵੁੱਡ ਦੇ ਆਪਣੇ ਕਰੀਬੀ ਦੋਸਤਾਂ ਨੂੰ 7 ਤੋਂ 9 ਦਸੰਬਰ ਤਕ ਆਪਣੇ ਆਪ ਨੂੰ ਫ੍ਰੀ ਰੱਖਣ ਦੀ ਬੇਨਤੀ ਕਰ ਰਿਹਾ ਹੈ। ਕਰਨ ਜੌਹਰ, ਅਲੀ ਅੱਬਾਸ ਜਫਰ, ਕਬੀਰ ਖਾਨ, ਮਿੰਨੀ ਮਾਥੁਰ, ਰੋਹਿਤ ਸੈੱਟੀ, ਸਿਧਾਰਥ ਮਲਹੋਤਰਾ, ਕਿਆਰਾ ਅਡਵਾਨੀ, ਵਰੁਣ ਧਵਨ, ਨਤਾਸਾ ਦਲਾਲ ਵਰਗੇ ਏ ਲਿਸਟ ਸਿਤਾਰਿਆਂ ਦੇ ਵਿਆਹ 'ਚ ਸਾਮਲ ਹੋਣ ਦੀ ਖਬਰ ਹੈ।ਇੰਡੀਆ ਟੂਡੇ ਦੀ ਰਿਪੋਰਟ ਮੁਤਾਬਕ ਵਿਆਹ ਦਾ ਜਸਨ 7 ਤੋਂ 12 ਦਸੰਬਰ ਤਕ ਚੱਲੇਗਾ। ਹਾਲਾਂਕਿ ਵਿਆਹ ਲਈ ਹੋਟਲ 'ਚ ਬੁਕਿੰਗ ਹੋ ਚੁੱਕੀ ਹੈ ਪਰ ਇਸ ਦਾ ਰਸਮੀ ਐਲਾਨ ਹੋਣਾ ਬਾਕੀ ਹੈ। ਇਸ ਵੀ. ਆਈ. ਪੀ. ਵਿਆਹ ਦੇ ਆਯੋਜਨ ਲਈ ਕਈ ਈਵੈਂਟ ਕੰਪਨੀਆਂ ਮਿਲ ਕੇ ਕੰਮ ਕਰਨਗੀਆਂ। ਨਿਊਜ ਏਜੰਸੀ ਆਈ. ਏ. ਐੱਨ. ਐੱਸ. ਨੇ ਪੁਸਟੀ ਕੀਤੀ ਹੈ ਕਿ ਵੱਖ-ਵੱਖ ਸਮਾਗਮਾਂ ਲਈ ਵੱਖ-ਵੱਖ ਕੰਪਨੀਆਂ ਨੂੰ ਨਿਯੁਕਤ ਕੀਤਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ ਇਹ ਕੰਪਨੀ ਨੁਮਾਇੰਦੇ ਸਵਾਈ ਮਾਧੋਪੁਰ ਦੇ ਵੱਖ-ਵੱਖ ਹੋਟਲਾਂ 'ਚ ਕਮਰਿਆਂ ਦੀ ਬੁਕਿੰਗ ਕਰਵਾ ਰਹੀ ਹੈ। ਇਨ੍ਹਾਂ ਟੀਮਾਂ ਨੇ ਮਹਿਮਾਨਾਂ ਨੂੰ ਏਅਰਪੋਰਟ ਤੋਂ ਹੋਟਲ ਤੱਕ ਲਿਜਾਣ ਲਈ ਕਾਰਾਂ ਹਾਇਰ ਕਰਨੀਆਂ ਸੁਰੂ ਕਰ ਦਿੱਤੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਸਹਿਰ 'ਚ ਕਾਰਾਂ ਦੀ ਘਾਟ ਕਾਰਨ ਇਸ ਨੂੰ ਦੂਜੇ ਸਹਿਰਾਂ ਤੋਂ ਵੀ ਮੰਗਵਾਇਆ ਜਾ ਰਿਹਾ ਹੈ। ਵਿੱਕੀ ਕੌਸਲ ਨੇ ਹਾਲ ਹੀ 'ਚ ਆਪਣੇ ਡਰ ਤੇ ਕਈ ਖਤਰਿਆਂ ਦਾ ਸਾਹਮਣਾ ਕਰਨ ਲਈ ਬੀਅਰ ਗ੍ਰਿਲਜ ਦੇ ਨਾਲ ਸੋਅ 'ਇਨਟੂ ਦਾ ਵਾਈਲਡ' 'ਚ ਸਰਿਕਤ ਕੀਤੀ। ਇਸ ਸੋਅ ਦੌਰਾਨ ਵਿੱਕੀ ਕੌਸਲ ਨੇ ਕਈ ਸਾਨਦਾਰ ਕਾਰਨਾਮੇ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸੋਅ 'ਚ ਆਪਣੀ ਨਿੱਜੀ ਜਹਿੰਦਗੀ ਬਾਰੇ ਵੀ ਕਾਫੀ ਗੱਲਾਂ ਕੀਤੀਆਂ ਹਨ। ਵਿੱਕੀ ਨੇ ਸੋਅ 'ਚ ਆਪਣੇ ਸੰਘਰਸ ਭਰੇ ਦਿਨਾਂ ਨੂੰ ਯਾਦ ਕੀਤਾ ਪਰ ਸਭ ਤੋਂ ਖਾਸ ਗੱਲ ਇਹ ਹੈ ਕਿ ਸੋਅ ਦੌਰਾਨ ਵਿੱਕੀ ਨੇ ਦੱਸਿਆ ਹੈ ਕਿ ਉਹ ਕਿਸ ਤਰ੍ਹਾਂ ਦੀ ਦੁਲਹਨ ਚਾਹੁੰਦਾ ਹੈ।

# ਆਲੀਆ ਭੱਟ ਨੇ ਦਿਲਜੀਤ ਦੋਸਾਂਝ ਨੂੰ ਲੈ ਕੇ ਆਖੀ ਇਹ ਵੱਡੀ ਗੱਲ

ਬਾਲੀਵੁੱਡ ਅਦਾਕਾਰਾ ਆਲੀਆ ਭੱਟ ਦੀ ਫਿਲਮ 'ਰੌਕੀ ਔਰ ਰਾਣੀ ਕੀ ਪ੍ਰੇਮ ਕਹਾਣੀ' ਦੇ ਸੈੱਟ ਤੋਂ ਫਿਲਮ ਦੇ ਡਾਇਰੈਕਟਰ ਕਰਣ ਜੌਹਰ ਨੇ ਇੱਕ ਵੀਡੀਓ ਆਪਣੇ ਇੰਸਟਾਗ੍ਰਾਮ 'ਤੇ ਸ਼ੇਅਰ ਕੀਤੀ ਹੈ। ਇਸ ਵੀਡੀਓ ਵਿੱਚ ਕਰਣ ਨੇ ਆਲੀਆ ਤੋਂ ਕਈ ਦਿਲਚਸਪ ਸਵਾਲ ਪੁੱਛੇ ਗਏ ਸਨ ਜਿਵੇਂ ਕਿ ਸੀਜਨ ਦੀ ਫਲਿਮ, ਉਹ ਸੋਅ ਜਿਸ ਨੂੰ ਉਹ ਪਸੰਦ ਕਰਦੀ ਹੈ ਅਤੇ ਹੋਰ ਬਹੁਤ ਕੁਝ। ਇਹਨਾਂ ਸਵਾਲਾਂ ਵਿੱਚ ਕਰਣ ਨੇ ਆਲੀਆ ਨੂੰ ਪੁੱਛਿਆ ਕਿ ਉਸ ਨੂੰ ਇਸ ਸੀਜ਼ਨ ਦਾ ਕਿਹੜਾ ਗੀਤ ਪਸੰਦ ਹੈ ਤਾਂ ਆਲੀਆ ਨੇ ਜਵਾਬ ਦਿੱਤਾ ਕਿ ਉਹ ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਦੀ ਤਾਜਾ ਹਿੱਟ ਐਲਬਮ 'ਮੂਨਚਾਈਲਡ ਈਰਾ' ਦਾ ਰੋਮਾਂਟਿਕ ਗੀਤ 'ਲਵਰ' ਪਸੰਦ ਕਰਦੀ ਹੈ। ਇੰਨਾ ਹੀ ਨਹੀਂ, ਉਸ ਨੇ ਗਾਣੇ ਦੀ ਇੱਕ ਹੁੱਕ ਲਾਈਨ ਵੀ ਗਾਈ, ਜੋ ਹੈ 'ਤੇਰਾ ਨੀ ਮੈਂ ਤੇਰਾ ਨੀ ਮੈਂ ਲਵਰ'।



ਗੀਤ 'ਲਵਰ' ਦੀ ਗੱਲ ਕਰੀਏ ਤਾਂ ਇਹ ਦਿਲਜੀਤ ਦਾ ਇਹ ਗਾਣਾ ਹਰ ਥਾਂ ਤੇ ਵੱਜਦਾ ਸੁਣਾਈ ਦਿੰਦਾ ਹੈ। ਖਾਸ ਗੱਲ ਇਹ ਹੈ ਕਿ ਇਸ ਗਾਣੇ ਨੂੰ ਬਾਲੀਵੁੱਡ ਦੇ ਕਈ ਸਿਤਾਰੇ ਵੀ ਕਾਫੀ ਪਸੰਦ ਕਰ ਰਹੇ ਹਨ। ਇਸ ਤੋਂ ਪਹਿਲਾਂ ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਨੇ ਮੰਨਿਆ ਕਿ 'ਲਵਰ' ਉਨ੍ਹਾਂ ਦਾ ਪਸੰਦੀਦਾ ਗੀਤ ਹੈ। ਇਸ ਤੋਂ ਇਲਾਵਾ ਕਿਆਰਾ ਅਡਵਾਨੀ, ਵਰੁਣ ਧਵਨ, ਸਾਰਾ ਅਲੀ ਖਾਨ ਨੇ ਵੀ ਇਸ ਗੀਤ 'ਤੇ ਵੀਡੀਓ ਬਣਾਈਆਂ ਹਨ।

# ਬਾਲੀਵੁੱਡ ਫਿਲਮ ਇੰਡਸਟਰੀ 'ਚ ਸਿੱਧੂ ਮੂਸੇ ਵਾਲਾ ਦੀ ਹੋਈ ਬੱਲੇ-ਬੱਲੇ, ਲਿਖਿਆ 'ਸਿੱਧੂ ਮੂਸੇ ਵਾਲਾ ਲਵ ਯੂ ਮੈਨ'

ਪੰਜਾਬੀ ਮਿਊਜ਼ਿਕ ਜਗਤ ਜਿਸ ਦੀਆਂ ਗੱਲਾਂ ਬਾਲੀਵੁੱਡ ਫਲਿਮ ਇੰਡਸਟਰੀ ਤੱਕ ਹੁੰਦੀਆਂ ਹਨ। ਪਹਿਲਾਂ ਤਾਂ ਪੰਜਾਬੀ ਗੀਤ ਹੀ ਬਾਲੀਵੁੱਡ ਫ਼ਿਲਮਾਂ 'ਚ ਵੱਜਦੇ ਸਨ ਪਰ ਹੁਣ ਤਾਂ ਬਾਲੀਵੁੱਡ ਸਿਤਾਰੇ ਵੀ ਪੰਜਾਬੀ ਸਿੰਗਰਾਂ ਨੂੰ ਸੁਣਦੇ ਹਨ ਅਤੇ ਉਨ੍ਹਾਂ ਦੇ ਗੀਤਾਂ ਦਾ ਪੂਰਾ ਅਨੰਦ ਲੈਂਦੇ ਹੋਏ ਨਜ਼ਰ ਆਉਂਦੇ ਹਨ। ਜੀ ਹਾਂ ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਨੂੰ ਬਾਲੀਵੁੱਡ ਦੇ ਕਈ ਗਾਇਕ ਸਪੋਟ ਕਰਦੇ ਹਨ। ਬਾਲੀਵੁੱਡ ਅਦਾਕਾਰ ਰਣਵੀਰ ਸਿੰਘ ਜੋ ਕਿ ਅਕਸਰ ਹੀ ਸਿੱਧੂ ਮੂਸੇ ਵਾਲਾ ਦੇ ਗੀਤਾਂ ਦੀ ਤਾਰੀਫ ਕਰਦੇ ਹਨ। ਇਸ ਵਾਰ ਬਾਲੀਵੁੱਡ ਦੇ ਸੁਪਰ ਸਟਾਰ ਸ਼ਾਹਿਦ ਕਪੂਰ ਵੀ ਸਿੱਧੂ ਮੂਸੇ ਵਾਲਾ ਦੀ ਤਾਰੀਫ ਕਰਦੇ ਹੋਏ ਨਜ਼ਰ ਆਏ। ਜੀ ਹਾਂ ਬਾਲੀਵੁੱਡ ਅਦਾਕਾਰ ਸ਼ਾਹਿਦ ਕਪੂਰ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਦੀ ਸਟੋਰੀ 'ਚ ਤਿੰਨ ਵੀਡੀਓਜ਼ ਕਪਿਲਸ ਪੋਸਟ ਕੀਤੀਆਂ ਹਨ, ਜਿਨ੍ਹਾਂ 'ਚ ਉਹ ਸਿੱਧੂ ਮੂਸੇ ਵਾਲਾ ਦੇ ਗੀਤ " ਅਤੇ " ਦਾ ਅਨੰਦ ਲੈਂਦੇ ਹੋਏ ਨਜ਼ਰ ਆ ਰਹੇ ਹਨ। ਇਹ ਦੋਵੇਂ ਗੀਤ ਸਿੱਧੂ ਮੂਸੇਵਾਲਾ ਦੇ ਹਾਲ ਹੀ 'ਚ ਆਈ ਮਿਊਜ਼ਕ ਐਲਬਮ " 'ਚੋਂ ਹਨ। ਸ਼ਾਹਿਦ ਕਪੂਰ ਨੇ ਸਿੱਧੂ ਮੂਸੇ ਵਾਲਾ ਦੀ ਤਾਰੀਫ ਕਰਦੇ ਹੋਏ ਕਿਹਾ "ਸਿੱਧੂ ਮੂਸੇ ਵਾਲਾ ਲਵ ਯੂ ਮੈਨ।"

ਜੇ ਗੱਲ ਕਰੀਏ ਸ਼ਾਹਿਦ ਕਪੂਰ ਦੇ ਵਰਕ ਫਰੰਟ ਦੀ ਤਾਂ ਉਹ 'ਕਬੀਰ ਸਿੰਘ' ਦੀ ਸਫਲਤਾ ਤੋਂ ਬਾਅਦ ਸ਼ਾਹਿਦ ਕਪੂਰ ਤੇਲਗੂ ਫ਼ਿਲਮ 'ਜਰਸੀ' ਦੇ ਹਿੰਦੀ ਰੀਮੇਕ 'ਚ ਅਦਾਕਾਰੀ ਕਰਦੇ ਹੋਏ ਨਜ਼ਰ ਆਉਣਗੇ। ਉੱਧਰ ਜੇ ਗੱਲ ਕਰੀਏ ਸਿੱਧੂ ਮੂਸੇ ਵਾਲਾ ਦੇ ਵਰਕ ਫਰੰਟ ਦੀ ਤਾਂ ਉਹ ਆਪਣੀ ਫ਼ਿਲਮ ' ' ਨਾਲ ਦਰਸ਼ਕਾਂ ਦਾ ਮਨੋਰੰਜਨ ਕਰ ਰਹੇ ਹਨ। ਇਸ ਫ਼ਿਲਮ ਨੇ ਬਾਕਸ ਆਫਿਸ 'ਤੇ ਕਮਾਲ ਦਾ ਪ੍ਰਦਰਸ਼ਨ ਕੀਤਾ ਹੈ।

## The ONLY temple in the world outside India dedicated to Shri Shani Maharaj


# Shri SHANI DEV Mandir, New York
# Sarvamangala Shri SANEESWARA Temple, New York

***Regular Poojas' and Homas' are conducted on daily basis:***

***Special Poojas:***

- *Sri Saneeswara homam*
- *Sri Saneeswara - parikara pooja*
- *Sri Saneeswara harati*
- *Sri Navagraha Homa*
- *Poornima: vrata Pooja*
- *Pradosham Pooja*
- *Sri Sankatahara chaturthi Pooja*
- *Sri Satyanarayana Vratha*
- *Birthdays / Weddings / Upanayanam & More… … .*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***<u>Functions of the space:</u>***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**